Fair Advice Financial | Care Wealth Management Inc.

RDSP (Registered Disability Savings Plan)

- Disabled person who is eligible for Disability Tax Credit.
- And who is 49 years old or younger.
- By contributing in an RDSP Plan he/she may be eligible to receive up to$90,000 in government bonds & grants.

Contact : 647-951-7900

SUKHWINDER NAHAL CFP, CLU Financial Planner

www.fairadvicefinancial.com

7900 Hurontario St., Suite 308, Brampton, ON, L6Y 0P6



ਕੈਨੇਡੀਅਨ

# ਪੰਜਾਬੀ ਪੋਸਟ

Award winning news paper | Canadian Punjabi Post



JOSHI LAW OFFICE

Barrister, Solicitor & Notary Public

- Immigration
- Real Estate
- Commercial Law
- Affidavit
- Power of Attorney

Rakesh M. Joshi B.A., LL.B

info@joshilawoffice.com | joshilawoffice.com

416-213-8600

6921 Steels Ave. W. Unit 11, Etobicoke, ON



Vol 20*Issue 13 Tuesday, January 19, 2021 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


# ਓਟੂਲ ਨੇ ਓਨਟਾਰੀਓ ਤੋਂ ਐਮਪੀ ਸਲੋਨ ਨੂੰ ਟੋਰੀ ਕਾਕਸ ਤੋਂ ਕੀਤਾ ਬਾਹਰ



ਓਟਵਾ, 18 ਜਨਵਰੀ (ਪੋਸਟ ਬਿਊਰੋ) : ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਓਨਟਾਰੀਓ ਤੋਂ ਐਮਪੀ ਡੈਰੇਕ ਸਲੋਨ ਨੂੰ ਪਾਰਟੀ ਕਾਕਸ ਤੋਂ ਬਾਹਰ ਕਰ ਦਿੱਤਾ ਹੈ। ਓਟੂਲ ਵੱਲੋਂ ਅਜਿਹਾ ਫੈਸਲਾ ਲੀਡਰਸ਼ਿਪ ਕੈਂਪੇਨ ਦੌਰਾਨ ਸਲੋਨ ਵੱਲੋਂ ਵਾਈਟ ਸੁਪਰੀਮੇਸਿਸਟ ਕੋਲੋਂ ਲਈ ਗਈ ਡੋਨੇਸ਼ਨ ਕਾਰਨ ਕੀਤਾ ਗਿਆ।

ਸੋਮਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਵਿੱਚ ਓਟੂਲ ਨੇ ਆਖਿਆ ਕਿ ਨਸਲਵਾਦ ਇੱਕ ਬਿਮਾਰੀ ਹੈ ਤੇ ਇਹ ਸਾਡੀ ਪਾਰਟੀ ਦੀਆਂ ਕਦਰਾਂ ਕੀਮਤਾਂ ਤੋਂ ਉਲਟ ਹੈ। ਸਾਡੇ ਦੇਸ਼ ਵਿੱਚ ਇਸ ਲਈ ਕੋਈ ਥਾਂ ਨਹੀਂ। ਇਹ ਸੱਭ ਸਾਡੀ ਪਾਰਟੀ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪਾਰਟੀ ਦੀ ਸੋਚ ਬਾਰੇ ਪਤਾ ਹੋਣ ਦੇ ਬਾਵਜੂਦ ਕਿਸੇ ਅਜਿਹੇ ਸ਼ਖਸ ਤੋਂ ਡੋਨੇਸ਼ਨ ਲੈਣਾ ਬਹੁਤ ਵੱਡੀ ਗਲਤੀ ਹੈ ਜਿਹੜਾ ਨਸਲ ਦੇ ਆਧਾਰ ਉੱਤੇ ਫਰਕ ਕਰਦਾ ਹੋਵੇ।

ਹਾਲਾਂਕਿ ਇਹ ਕੰਜ਼ਰਵੇਟਿਵ ਐਮਪੀਜ਼ ਉੱਤੇ ਨਿਰਭਰ ਕਰਦਾ ਸੀ ਕਿ ਉਹ ਸਲੋਨ ਨੂੰ ਪਾਰਟੀ ਵਿੱਚੋਂ ਬਾਹਰ ਕਰਨ ਦਾ ਫੈਸਲਾ ਕਰਨ ਜਾਂ ਨਾ ਪਰ ਓਟੂਲ ਨੇ ਪਹਿਲਾਂ ਹੀ ਇਹ ਸਪਸ਼ਟ ਕਰ ਦਿੱਤਾ ਸੀ ਕਿ ਪਾਰਟੀ ਆਗੂ ਵਜੋਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੋਇਆਂ ਉਹ ਸਲੋਨ ਨੂੰ ਅਗਲੀਆਂ ਚੋਣਾਂ ਵਿੱਚ ਟੋਰੀ ਵਜੋਂ ਖੜ੍ਹਾ ਨਹੀਂ ਹੋਣ ਦੇਣਗੇ। ਇਸ ਦੌਰਾਨ ਸੋਮਵਾਰ ਨੂੰ ਸਲੋਨ ਨੇ ਆਖਿਆ ਕਿ ਉਨ੍ਹਾਂ ਦੀ ਲੀਡਰਸ਼ਿਪ ਟੀਮ ਨੇ ਹੋਰਨਾਂ ਡੋਨਰਜ਼ ਸਮੇਤ ਪਾਲ ਫਰੌਮ ਲਾਂ ਦੇ ਸ਼ਖਸ ਤੋਂ 131 ਡਾਲਰ ਦੀ ਡੋਨੇਸ਼ਨ ਲਈ ਸੀ। ਫਰੌਮ ਕਈ ਦਹਾਕਿਆਂ ਤੋਂ ਸੱਜੇ ਪੱਖੀ ਸਿਆਸਤ ਵਿੱਚ ਸਰਗਰਮ ਹੈ। ਉਹ ਨੀਓ ਨਾਜ਼ੀ ਹੈਰੀਟੇਜ ਫਰੰਟ ਦੇ ਕਈ ਈਵੈਂਟਸ ਵਿੱਚ ਵੀ ਹਿੱਸਾ ਲੈ ਚੁੱਕਿਆ ਹੈ।

# ਮੇਪਲਹਰਸਟ ਕੋਰੈਕਸ਼ਨਲ ਕਾਂਪਲੈਕਸ ਦੇ 7 ਕੈਦੀ ਤੇ 7 ਸਟਾਫ ਮੈਂਬਰ ਆਏ ਕੋਵਿਡ-19 ਪਾਜ਼ੀਟਿਵ



ਮਿਲਟਨ, 18 ਜਨਵਰੀ (ਪੋਸਟ ਬਿਊਰੋ) : ਮਿਲਟਨ ਵਿੱਚ ਸਥਿਤ ਮੇਪਲਹਰਸਟ ਕੋਰੈਕਸ਼ਨਲ ਕਾਂਪਲੈਕਸ ਦੇ ਕਈ ਸਟਾਫ ਮੈਂਬਰ ਤੇ ਕੈਦੀ ਵੀਕੈਂਡ ਉੱਤੇ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ।

ਹੁਣ ਤੱਕ ਸੱਤ ਕੈਦੀ ਤੇ ਸੱਤ ਸਟਾਫ ਮੈਂਬਰ ਇਨਫੈਕਟ ਹੋ ਚੁੱਕੇ ਹਨ। ਅੰਦਾਜ਼ਨ 240 ਕੈਦੀਆਂ ਨੂੰ ਆਰਜ਼ੀ ਤੌਰ ਉੱਤੇ ਆਈਸੋਲੇਸ਼ਨ ਵਿੱਚ ਰੱਖਿਆ ਗਿਆ ਹੈ ਤਾਂ ਕਿ ਕਰੋਨਾਵਾਇਰਸ ਅੱਗੇ ਨਾ ਫੈਲੇ। ਸੂਤਰਾਂ ਨੇ ਦੱਸਿਆ ਕਿ ਸੋਮਵਾਰ ਨੂੰ ਦੋ ਜਾਂ ਤਿੰਨ ਮੈਂਬਰਾਂ ਨੂੰ ਘਰ ਵੀ ਭੇਜ ਦਿੱਤਾ ਗਿਆ ਕਿਉਂਕਿ ਉਨ੍ਹਾਂ ਵਿੱਚ ਵਾਇਰਸ ਦੇ ਲੱਛਣ ਨਜ਼ਰ ਆ ਰਹੇ ਸਨ। ...ਬਾਕੀ ਪੰਨਾ 2 'ਤੇ

# ਕੇਲਡਨ ਵਿੱਚ ਚੱਲੀ ਗੋਲੀ, ਇੱਕ ਹਲਾਕ, ਇੱਕ ਜ਼ਖ਼ਮੀ



ਟੋਰਾਂਟੋ, 18 ਜਨਵਰੀ (ਪੋਸਟ ਬਿਊਰੋ) : ਕੇਲਡਨ ਵਿੱਚ ਸੋਮਵਾਰ ਨੂੰ ਵਾਪਰੀ ਸੂਟਿੰਗ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਹੋਰ ਜ਼ਖ਼ਮੀ ਹੋ ਗਿਆ।

ਓਨਟਾਰੀਓ ਦੀ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਬੋਲਟਨ ਵਿੱਚ ਹਾਰਵੈਸਟ ਮੂਨ ਡਰਾਈਵ ਏਰੀਆ ਵਿੱਚ ਚੱਲੀ ਗੋਲੀ ਬਾਰੇ ਦੁਪਹਿਰੇ 12:26 ਉੱਤੇ ਰਿਪੋਰਟ ਮਿਲੀ। ਮੌਕੇ ਉੱਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਦੋ ਵਿਅਕਤੀਆਂ ਨੂੰ ਜ਼ਖ਼ਮੀ ਹਾਲਤ ਵਿੱਚ ਪਾਇਆ। ਇੱਕ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਦੂਜੇ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਦੂਜੇ ਵਿਅਕਤੀ ਦੇ ਜ਼ਖ਼ਮ ਕਿੰਨੇ ਡੂੰਘੇ ਹਨ ਅਜੇ ਇਸ ਬਾਰੇ ਜਾਣਕਾਰੀ ਹਾਸਲ ਨਹੀਂ ਹੋ ਸਕੀ।

ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਓਪੀਪੀ ਨੇ ਇਸ ਸਬੰਧ ਵਿੱਚ ਜਾਣਕਾਰੀ ਰੱਖਣ ਵਾਲਿਆਂ ਨੂੰ ਜਾਂਚਕਾਰਾਂ ਨਾਲ ਸੰਪਰਕ ਕਰਨ ਲਈ ਵੀ ਆਖਿਆ ਹੈ।

# ਓਨਟਾਰੀਓ ਵਿੱਚ ਕੋਵਿਡ-19 ਦੀ ਦੂਜੀ ਡੋਜ਼ ਨੂੰ ਹਾਲ ਦੀ ਘੜੀ ਕੀਤਾ ਜਾਵੇਗਾ ਡਿਲੇਅ



ਓਨਟਾਰੀਓ, 18 ਜਨਵਰੀ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਫਾਈਜ਼ਰ-ਬਾਇਓਐਨਟੈਕ ਵੱਲੋਂ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ ਨੂੰ ਹਾਲ ਦੀ ਘੜੀ ਡਿਲੇਅ ਕੀਤਾ ਜਾ ਰਿਹਾ ਹੈ। ਅਜਿਹਾ ਵੈਕਸੀਨ ਦੀ ਡਲਿਵਰੀ ਵਿੱਚ ਹੋਣ ਵਾਲੀ ਆਰਜ਼ੀ ਦੇਰ ਕਾਰਨ ਕੀਤਾ ਗਿਆ ਹੈ।

ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਡੇਵਿਡ ਵਿਲੀਅਮਜ਼ ਦਾ ਕਹਿਣਾ ਹੈ ਕਿ ਲਾਂਗ ਟਾਈਮ ਕੇਅਰ ਰੈਜ਼ੀਡੈਂਟਸ ਨੂੰ ਉਨ੍ਹਾਂ ਦੇ ਅਸੈਂਸ਼ੀਅਲ ਕੇਅਰਗਿਵਰਜ਼ ਤੇ ਸਟਾਫ ਸਮੇਤ ਪਹਿਲੀ ਡੋਜ਼ ਪਹਿਲਾਂ ਹੀ ਹਾਸਲ ਹੋ ਚੁੱਕੀ ਹੈ ਤੇ ਦੂਜੀ ਡੋਜ਼ ਅਗਲੇ 21 ਤੋਂ 27 ਦਿਨਾਂ ਵਿੱਚ ਹਾਸਲ ਹੋਵੇਗੀ। ਵਿਲੀਅਮਜ਼ ਨੇ ਆਖਿਆ ਕਿ ਫਾਈਜ਼ਰ-ਬਾਇਓਐਨਟੈਕ ਵੈਕਸੀਨ ਦੇ ਹੋਰ ਰੈਸੀਪਿਐਂਟਸ ਨੂੰ ਆਪਣਾ ਦੂਜਾ ਸ਼ੌਟ 21 ਤੋਂ 42 ਦਿਨਾਂ ਦੇ ਅੰਦਰ ਹਾਸਲ ਹੋਵੇਗਾ।

ਜਿਨ੍ਹਾਂ ਵਿਅਕਤੀਆਂ ਨੂੰ ਮੌਡਰਨਾ ਵੈਕਸੀਨ ਦੀ ਪਹਿਲੀ ਡੋਜ਼ ਲੱਗ ਚੁੱਕੀ ਹੈ ਉਨ੍ਹਾਂ ਨੂੰ 28 ਦਿਨਾਂ ਦੇ ਬਾਅਦ ਹੀ ਦੂਜੀ ਡੋਜ਼ ਮਿਲੇਗੀ। ਇਸ ਦੇ ਸ਼ਡਿਊਲ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ। ਪ੍ਰੋਵਿੰਸ ਦਾ ਕਹਿਣਾ ਹੈ ਕਿ ਜੇ ਤੁਹਾਨੂੰ ਵੈਕਸੀਨ ਦੀ ਪਹਿਲੀ ਡੋਜ਼ ਹਾਸਲ ਹੈ ਤਾਂ ਦੂਜੀ ਡੋਜ਼ ਦੇ ਸ਼ਡਿਊਲ ਵਿੱਚ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਬਾਰੇ ਤੁਹਾਨੂੰ ਤੁਹਾਡੀ ਵੈਕਸੀਨ ਸਾਈਟ ਵੱਲੋਂ ਸੰਬੋਧਨ ਕੀਤਾ ਜਾਵੇਗਾ।

ਦੂਜੇ ਪਾਸੇ ਫਾਈਜ਼ਰ-ਬਾਇਓਐਨਟੈਕ ਨੇ ਦੱਸਿਆ ਕਿ ਯੂਰਪੀ ਮੈਨੂਫੈਕਚਰਿੰਗ ਫੈਸਿਲਿਟੀ ਵਿੱਚ ਕੰਮ ਦੇ ਪਸਾਰ ਕਾਰਨ ਕੋਵਿਡ-19 ਦੀ ਵੈਕਸੀਨ ਦੇ ਉਤਪਾਦਨ ਉੱਤੇ ਕੁੱਝ ਹਫਤਿਆਂ ਲਈ ਅਸਰ ਪਵੇਗਾ। ਨਤੀਜੇ ਵਜੋਂ ਫਾਈਜ਼ਰ ਵੱਲੋਂ ਆਰਜ਼ੀ ਤੌਰ ਉੱਤੇ ਸਾਰੇ ਦੇਸ਼ਾਂ ਨੂੰ ਸਪਲਾਈ ਘਟਾਈ ਜਾ ਰਹੀ ਹੈ।

# ਬੋਇੰਗ ਮੈਕਸ 737 ਨੂੰ ਕੈਨੇਡਾ ਵਿੱਚ ਸਰਵਿਸ ਲਈ ਮਿਲੀ ਮਨਜ਼ੂਰੀ



ਓਟਵਾ, 18 ਜਨਵਰੀ (ਪੋਸਟ ਬਿਊਰੋ) : ਬੋਇੰਗ ਮੈਕਸ ਜਹਾਜ਼ ਨੂੰ ਬੁੱਧਵਾਰ ਤੋਂ ਕੈਨੇਡੀਅਨ ਆਸਮਾਨ ਵਿੱਚ ਉੱਡਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ।

ਟਰਾਂਸਪੋਰਟ ਕੈਨੇਡਾ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਸਰਕਾਰ ਦੀ ਰਿਵਿਊ ਪ੍ਰਕਿਰਿਆ ਪੂਰੀ ਕਰ ਲਈ ਗਈ ਹੈ ਤੇ ਇਨ੍ਹਾਂ ਜਹਾਜ਼ਾਂ ਨੂੰ ਉਦੋਂ ਤੱਕ ਉੱਡਣ ਦੀ ਇਜਾਜ਼ਤ ਹੋਵੇਗੀ ਜਦੋਂ ਤੱਕ ਇਹ ਪਿਛਲੇ ਮਹੀਨੇ ਰੱਖੀਆਂ ਕੁੱਝ ਸ਼ਰਤਾਂ ਪੂਰੀਆਂ ਨਹੀਂ ਕਰ ਲੈਂਦੇ। ਇਸ ਤਹਿਤ ਪਾਇਲਟਸ ਨੂੰ ਅਜਿਹੇ ਗੜਬੜੀ ਭਰੇ ਵਾਰਨਿੰਗ ਸਿਸਟਮ ਨੂੰ ਨਕਾਰਾ ਕਰਨ ਦੀ ਇਜਾਜ਼ਤ ਵੀ ਹੋਵੇਗੀ ਜਿਸ ਦੀ 2018 ਤੇ 2019 ਵਿੱਚ ਹੋਏ ਹਾਦਸਿਆਂ ਵਿੱਚ ਅਹਿਮ ਭੂਮਿਕਾ ਰਹੀ।

ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਨੇ ਆਖਿਆ ਕਿ ਪਿਛਲੇ 20 ਮਹੀਨਿਆਂ ਵਿੱਚ ਟਰਾਂਸਪੋਰਟ ਕੈਨੇਡਾ ਦੇ ਸਿਵਲ ਏਵੀਏਸ਼ਨ ਸੇਫਟੀ ਮਾਹਿਰਾਂ ਵੱਲੋਂ ਕੀਤੇ ਗਏ ਮੁਲਾਂਕਣ ਤੋਂ ਬਾਅਦ ਇਹ ਯਕੀਨ ਦਿਵਾਇਆ ਗਿਆ ਹੈ ਕਿ ਵਿਭਾਗ ਵੱਲੋਂ ਜਿਨ੍ਹਾਂ ਚਿੰਤਾਵਾਂ ਦੀ ਗੱਲ ਕੀਤੀ ਗਈ ਸੀ ਉਨ੍ਹਾਂ ਨੂੰ ਦੂਰ ਕਰ ਦਿੱਤਾ ਗਿਆ ਹੈ। ਅਲਘਬਰਾ ਨੇ ਆਖਿਆ ਕਿ ਏਜੰਸੀ ਨੇ ਬੋਇੰਗ 737 ਮੈਕਸ ਦੇ ਮੁਲਾਂਕਣ ਉੱਤੇ 15000 ਘੰਟੇ ਦਾ ਸਮਾਂ ਖਰਚ ਕੀਤਾ ਹੈ।

# ਟੋਇੰਗ ਇੰਡਸਟਰੀ ਦੇ ਦੋਸ਼ਾਂ ਵਿੱਚ ਓਪੀਪੀ ਨੇ 3 ਅਧਿਕਾਰੀਆਂ ਨੂੰ ਕੀਤਾ ਚਾਰਜ, 4 ਸਸਪੈਂਡ

ਓਨਟਾਰੀਓ, 18 ਜਨਵਰੀ (ਪੋਸਟ ਬਿਊਰੋ) : ਟੋਇੰਗ ਇੰਡਸਟਰੀ ਦੇ ਸਬੰਧ ਵਿੱਚ ਕੀਤੀ ਗਈ ਜਾਂਚ ਦੇ ਮਾਮਲੇ ਵਿੱਚ ਤਿੰਨ ਓਪੀਪੀ ਅਧਿਕਾਰੀਆਂ ਨੂੰ ਚਾਰਜ ਕੀਤਾ ਗਿਆ ਹੈ ਜਦਕਿ ਚਾਰ ਹੋਰਨਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ।

ਫਰਵਰੀ 2019 ਵਿੱਚ ਇਸ ਮਾਮਲੇ ਦੀ ਜਾਂਚ ਉਸ ਸਮੇਂ ਸ਼ੁਰੂ ਹੋਈ ਜਦੋਂ ਅੰਦਰੂਨੀ ਤੌਰ ਉੱਤੇ ਇਹ ਸ਼ਿਕਾਇਤ ਮਿਲੀ ਕਿ ਹਾਈਵੇਅ ਸੇਫਟੀ ਡਵੀਜ਼ਨ ਦੇ ਓਪੀਪੀ ਅਧਿਕਾਰੀਆਂ ਵੱਲੋਂ ਜੀਟੀਏ ਦੇ ਟੋਅ ਆਪਰੇਟਰਾਂ ਨਾਲ ਨਰਮ ਵਿਵਹਾਰ ਕੀਤਾ ਜਾ ਰਿਹਾ ਹੈ। ...ਬਾਕੀ ਪੰਨਾ 2 'ਤੇ


Best Insurance Rates

Auto - Home - Business

Dir: 647-400-2949

ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ

Discounts upto 35% on Auto & Home

Amanpreet S. Batth

Axael Insurance Brokers Ltd.

Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE

- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance

SIMRAN SAINI 416.994.7272

www.allkindinsurance.com

INSURANCE

- Home
- Business
- Life Insurance
- Auto
- Trucking
- Commercial

647-206-2452 Sukhwinder K Singh

CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE

- Super visa Insurance
- Life & Disability
- Critical illness
- RESP
- Visitor & Travel insurance

(416-845-1352) Manwinder Mangat Broker

Axael InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES

ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ

- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration

Call us for Professional, Reliable & High Quality Services

Rahul Sagar 647-780-2022

120 Woodstream Blvd, Woodbridge, ON, L4L 7Z1 Lic # R534503

Law Office of Aman Sharma

- Real Estate - Commercial Lease
- Business Purchase & Sale
- Notarizations & Affidavits
- Wills & Power Of Attorney

Fax: 905-913-2344 Tel: 905-913-2355

Aman Sharma Open Saturday

25 Cherrycrest Drive, Unit # 6 Brampton, ON, L6P 3W4

Providing excellent quality legal services to our clients

ALL KINDS OF IMMIGRATION SERVICES

iccrc crcic

Call: 416 278 4449 204 295 4449

World Gateway Immigration Company since 2010

Get PERMANENT RESIDENCY

If You are on Work Permit/Visitor in Canada

ZORA KAINTH DIRECTOR Member of ICCRC Oath commissioner of Manitoba

Toronto: 149-2960 Drew Road, Misssissauga Winnipeg: 678 McphillipsStreet, Winnipeg

PEST PROBLEM ? Residential & Commercial

100% Customer Satisfaction

All Pest Control

MICE, COCKROACH, BEDBUG & ALL COMMON BUGS

AFFORDABLE & RELIABLE 647.990.3205

KSG Pest Control Inc. Residential, Commercial www.ksgpestcontrol.ca ksgpestcontrol@gmail.com

Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ

- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

ਹੁਣੇ ਹੀ ਕਾਲ ਕਰੋ

75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

ਕਰਜ਼ੇ ਦੀ ਸਿਰਦਰਦੀ ?

ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ

Late Evening and Weekends Appointments Available 1888 864 3131

Jasbir Singh Hundal Qualified Credit Counsellor

www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW

- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP

www.ufsinsurance.com

JATINDERBIR S BAJWA Insurance Broker

Dir: 647-928-4990

# 25-831 Bovaird Dr. W. Brampton, ON L6X0T9 | www.ufsinsurance.com

Royal Pest Control

Residential Commercial Industrial

Specialist in Bedbugs Service

All Pest Control :

- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons

Call : PARESH PATEL (Government Approved Licensed Technician)

416 938 4598

Mortgage! We Will Beat Any Rate !!!

*Each Mortgage Center Office is Independently Owned & Operated

Purchase || Refinance || Major Banks /Credit Unions || Private Lenders || Second Mortgages-Lowest 6.99 %

The Mortgage Centre 25

Cell: 416-841-4218 Tel: 905-216-5563

Avon Financial Inc. Advice you can bank on. Brokerage Lic. 12538

Harpreet Singh Goraya Principal Broker (Lic # M12000607)

831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS

Pest Control

100% Success rate for bed bug Treatment

Low Rates/Excellent Pest Control Services

Free Home Inspection Call Today

Ranjit Sidhu Certified & Licenced Exterminator

BED BUG MATTRESS COVER ALSO AVAILABLE

A-Z Pest Control

Cell: 647.668.3944 | Office: 905.455.0648

info@atozpestcontroltoronto.com | www.atozpestcontroltoronto.com

SEHMBI RENOVATIONS

ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ

- Custom Kitchen Cabinets
- Legal Basement
- Completly Furnished
- Painting & Flooring

ਵਾਜਿਬ ਕੀਮਤ ਤੇ ਸਮੇਂ ਸਿਰ ਕੰਮ

Jaswant Sehmbi: 647.524.0885

KELLEY LAW OFFICE

- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations

www.kelleylawoffice.ca | info@kelleylawoffice.ca

ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!

1200 Derry Road E, #15, Mississauga, ON L5T 0B3

Shinder Kelley Barrister, Solicitor & Notary Public 905-362-0755

MANN LAW FIRM

- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation

Maninder S. Mann B.A. (Hons.), LLB

BARRISTER SOLICITOR NOTARY

Address: 2130 North Park Dr. Suite 246 Brampton, ON L6S 0C9

T: 905 799 9333 www.mannlawfirm.ca

CN Forklift Training Center

Counterbalance, Walkie pallet Low Lift, Electric Motor Narrow Aisle Reach, Cherry Order Picker

License $69 Toll Free: 1 855 230 0001

7033 Telford Way, Unit #4, Mississauga, ON L5S 1V4

When You Need Re certified License & Training First Call to us

NC Dhawan Certified Instructor

Cell: 416 726 6206 Tel: 905 405 0001

# ਮੇਪਲਹਰਸਟ ਕੋਰੈਕਸ਼ਨਲ ਕਾਂਪਲੈਕਸ ਦੇ 7 ਕੈਦੀ ਤੇ 7 ਸਟਾਫ ਮੈਂਬਰ ਆਏ ਕੋਵਿਡ-19 ਪਾਜ਼ੀਟਿਵ

.....ਪੰਨਾ 1 ਦਾ ਬਾਕੀ

ਜਦੋਂ ਕੈਦੀ ਪਹਿਲੀ ਵਾਰੀ ਕਾਂਪਲੈਕਸ ਪਹੁੰਚੇ ਤਾਂ ਉਨ੍ਹਾਂ ਨੂੰ ਆਮ ਲੋਕਾਂ ਵਿੱਚ ਰਲੀਜ਼ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਇਨਟੇਕ ਯੂਨਿਟ ਨੂੰ 14 ਦਿਨਾਂ ਲਈ ਆਈਸੋਲੇਟ ਕੀਤਾ ਗਿਆ।

ਪਰ ਵੀਕੈਂਡ ਉੱਤੇ ਇਹ ਮਾਮਲੇ ਜਨਰਲ ਪੌਪੂਲੇਸ਼ਨ ਵਿੱਚ ਹੀ ਪਾਏ ਗਏ। ਫੈਸਿਲਿਟੀ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਓਪੀਐਸਈਯੂ ਲੋਕਲ 234 ਦੇ ਪ੍ਰੈਜ਼ੀਡੈਂਟ ਪੀਟਰ ਫਿਗਲੀਓਲਾ ਨੇ ਆਖਿਆ ਕਿ 14 ਦਿਨਾਂ ਦੀ ਇਨਟੇਕ ਯੂਨਿਟ ਵਿੱਚ ਰਹਿਣ ਤੋਂ ਬਾਅਦ ਕੈਦੀਆਂ ਦੇ ਪਾਜ਼ੀਟਿਵ ਪਾਏ ਜਾਣ ਨਾਲ ਚਿੰਤਾ ਹੋਰ ਵਧੀ। ਉਨ੍ਹਾਂ ਆਖਿਆ ਕਿ ਅਸੀਂ ਪਹਿਲੇ ਦਿਨ ਤੋਂ ਇਹੋ ਆਖ ਰਹੇ ਹਾਂ ਕਿ ਇੱਕ ਵਾਰੀ ਵਾਇਰਸ ਦੇ ਇਸ ਇੰਸਟੀਚਿਊਸ਼ਨ ਵਿੱਚ ਦਾਖਲ ਹੋਣ ਤੋਂ ਬਾਅਦ ਇਸ ਉੱਤੇ ਕਾਬੂ ਪਾਉਣਾ ਬਹੁਤ ਔਖਾ ਹੋਵੇਗਾ।

ਫਿਗਲੀਓਲਾ ਦਾ ਕਹਿਣਾ ਹੈ ਕਿ ਸਟਾਫ ਨੇ ਪਾਰਦਰਸ਼ਤਾ ਦੀ ਮੰਗ ਕੀਤੀ ਹੈ ਤੇ ਕਈ ਮੌਕਿਆਂ ਉੱਤੇ ਉਹ ਕਾਂਟੈਕਟ ਟਰੇਸਿੰਗ ਪ੍ਰਕਿਰਿਆ ਵਿੱਚ ਸ਼ਾਮਲ ਹੋਣ ਦੀ ਗੱਲ ਆਖ ਚੁੱਕੇ ਹਨ ਪਰ ਉਨ੍ਹਾਂ ਨਾਲ ਕਿਸੇ ਵੱਲੋਂ ਸਲਾਹ ਨਹੀਂ ਕੀਤੀ ਗਈ। ਉਨਾਂ ਆਖਿਆ ਕਿ ਕਾਂਪਲੈਕਸ ਵਿੱਚ ਕਾਂਟੈਕਟ ਟਰੇਸਿੰਗ ਸਾਲੀਸਿਟਰ ਜਨਰਲ ਦੇ ਮੰਤਰਾਲੇ ਵੱਲੋਂ ਕੀਤੀ ਜਾਂਦੀ ਹੈ। ਪਰ ਅਧਿਕਾਰੀਆਂ ਨੂੰ ਲੱਗ ਰਿਹਾ ਹੈ ਕਿ ਉਨ੍ਹਾਂ ਨੂੰ ਹਨ੍ਹੇਰੇ ਵਿੱਚ ਰੱਖਿਆ ਗਿਆ ਤੇ ਕਾਂਟੈਕਟ ਟਰੇਸਿੰਗ ਪ੍ਰਕਿਰਿਆ ਵਿੱਚ ਉਨ੍ਹਾਂ ਦਾ ਵਿਸ਼ਵਾਸ ਉੱਠ ਗਿਆ।

# ਟੋਇੰਗ ਇੰਡਸਟਰੀ ਦੇ ਦੋਸ਼ਾਂ ਵਿੱਚ ਓਪੀਪੀ ਨੇ 3 ਅਧਿਕਾਰੀਆਂ ਨੂੰ ਕੀਤਾ ਚਾਰਜ, 4 ਸਸਪੈਂਡ

.....ਪੰਨਾ 1 ਦਾ ਬਾਕੀ

ਪ੍ਰੋਵਿੰਸ਼ੀਅਲ ਕਾਂਸਟੇਬਲ ਸਾਇਮਨ ਬ੍ਰਾਇਡਲ, ਜੋ ਕਿ ਪਿਛਲੇ 20 ਸਾਲਾਂ ਤੋਂ ਓਪੀਪੀ ਦੀ ਹਾਈਵੇਅ ਸੇਫਟੀ ਡਵੀਜ਼ਨ ਵਿੱਚ ਤਾਇਨਾਤ ਸੀ, ਓਪੀਪੀ ਟੋਰਾਂਟੋ ਡਿਟੈਚਮੈਂਟ ਨਾਲ ਕੰਮ ਕਰਨ ਵਾਲੇ 24 ਸਾਲਾ ਪ੍ਰੋਵਿੰਸ਼ੀਅਲ ਕਾਂਸਟੇਬਲ ਮੁਹੰਮਦ(ਅਲੀ)ਹੁਸੈਨ ਨੂੰ ਸੀਕ੍ਰੇਟ ਕਮਿਸ਼ਨਜ਼ ਐਂਡ ਬ੍ਰੀਚ ਆਫ ਟਰਸਟ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

ਹਾਈਵੇਅ ਸੇਫਟੀ ਡਵੀਜ਼ਨ ਨਾਲ 20 ਸਾਲਾਂ ਤੋਂ ਕੰਮ ਕਰਨ ਵਾਲੇ ਪ੍ਰੋਵਿੰਸ਼ੀਅਲ ਕਾਂਸਟੇਬਲ ਬਿੰਦੋ ਸੋਵਾਨ ਦੇ ਸਬੰਧ ਵਿੱਚ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ, ਕਿਉਂਕਿ ਉਹ ਇਸ ਸਮੇਂ ਪ੍ਰੋਵਿੰਸ ਵਿੱਚ ਨਹੀਂ ਹੈ। ਤਿੰਨਾ ਅਧਿਕਾਰੀਆਂ ਨੂੰ ਜਾਂ ਤਾਂ ਸਸਪੈਂਡ ਕਰ ਦਿੱਤਾ ਗਿਆ ਹੈ ਜਾਂ ਤਨਖਾਹ ਸਮੇਤ ਸਸਪੈਂਡ ਕੀਤਾ ਜਾਵੇਗਾ। ਇਨ੍ਹਾਂ ਤੋਂ ਇਲਾਵਾ ਹਾਈਵੇਅ ਸੇਫਟੀ ਡਵੀਜ਼ਨ ਦੇ ਦੋ ਕਮਿਸ਼ਨਡ ਆਫੀਸਰਜ਼ ਸਮੇਤ ਚਾਰ ਹੋਰਨਾਂ ਅਧਿਕਾਰੀਆਂ ਨੂੰ ਤਨਖਾਹ ਸਮੇਤ ਸਸਪੈਂਡ ਕਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਅਜੇ ਤੱਕ ਚਾਰਜ ਨਹੀਂ ਕੀਤਾ ਗਿਆ। ਇੱਕ 52 ਸਾਲਾ ਸਿਵਲੀਅਨ ਸੁਥੇਸਕੁਮਾਰ ਸਿਥਾਂਬਰਪਿੱਲੇ ਨੂੰ ਚਾਰਜ ਕੀਤਾ ਗਿਆ ਹੈ। ਉਸ ਨੂੰ 16 ਅਪਰੈਲ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।




# ਭਾਰਤ ਵਿੱਚ ਅਖ਼ਬਾਰੀ ਕਾਗਜ਼ ਤਿੰਨ ਮਹੀਨਿਆਂ ਵਿੱਚ 20 ਫ਼ੀਸਦੀ ਹੋਰ ਮਹਿੰਗਾ ਹੋਇਆ

ਨਵੀਂ ਦਿੱਲੀ, 18 ਜਨਵਰੀ (ਪੋਸਟ ਬਿਊਰੋ)- ਕੋਰੋਨਾ ਵਾਇਰਸ ਮਹਾਂਮਾਰੀ ਦੌਰਾਨ ਮੰਗ-ਸਪਲਾਈ ’ਚ ਗੜਬੜ ਕਾਰਨ ਪਿਛਲੇ ਤਿੰਨ ਮਹੀਨਿਆਂ ਦੌਰਾਨ ਅਖ਼ਬਾਰਾਂ-ਮੈਗਜ਼ੀਨਾਂ ਦੇ ਛਾਪਣ ਲਈ ਵਰਤੇ ਜਾਣ ਵਾਲੇ ਕਾਗਜ਼ (ਨਿਊਜ਼ਪ੍ਰਿੰਟ) ਦੀ ਕੀਮਤ ’ਚ 20 ਫ਼ੀਸਦੀ ਵਾਧਾ ਹੋ ਚੁੱਕਾ ਹੈ, ਜਿਸ ਕਾਰਨ ਅਖ਼ਬਾਰਾਂ ਦੇ ਪ੍ਰਕਾਸ਼ਕਾਂ ਨੇ ਸਰਕਾਰ ਨੂੰ ਨਿਊਜ਼ਪ੍ਰਿੰਟ ’ਤੇ ਲਾਗੂ ਪੰਜ ਫ਼ੀਸਦੀ ਇੰਪੋਰਟਟੈਕਸ ਨੂੰ ਹਟਾਉਣ ਦੀ ਮੰਗ ਕੀਤੀ ਹੈ।

ਅਖ਼ਬਾਰ ਉਦਯੋਗ ਦਾ ਕਹਿਣਾ ਹੈ ਕਿ ਕੋਰੋਨਾ ਵਾਇਰਸ ਫੈਲਣ ਤੋਂ ਪਹਿਲਾਂ ਅਖ਼ਬਾਰ ਉਦਯੋਗ ਅਰਥਵਿਵਸਥਾ ਦੀ ਸੁਸਤੀ ਦੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਸੀ ਅਤੇ ਮਹਾਂਮਾਰੀ ਨਾਲ ਉਨ੍ਹਾਂ ’ਤੇ ਹੋਰ ਬੁਰਾ ਪ੍ਰਭਾਵ ਪਿਆ, ਕਿਉਂਕਿ ਕੋਰੋਨਾ ਤੋਂ ਡਰਦਿਆਂ ਲੋਕਾਂ ਨੇ ਅਖ਼ਬਾਰਾਂ-ਮੈਗਜ਼ੀਨ ਖਰੀਦਣਾ ਬੰਦ ਕਰ ਦਿੱਤਾ ਸੀ। ਇੰਡੀਅਨ ਨਿਊਜ਼ਪੇਪਰ ਸੁਸਾਇਟੀ (ਆਈ ਐਨ ਐਸ) ਦੇ ਪ੍ਰਧਾਨ ਐਲ ਆਦਿਮੂਲਮ ਨੇ ਦੱਸਿਆ ਕਿ ਕੋਵਿਡ-19 ਮਹਾਂਮਾਰੀ ਕਾਰਨ ਅਖ਼ਬਾਰ ਉਦਯੋਗ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਤੇ ਜ਼ਿਆਦਾਤਰ ਅਖ਼ਬਾਰਾਂ ਭੇਜਣੀਆਂ ਬੰਦ ਕਰ ਦਿੱਤੀਆਂ ਹਨ, ਜਿੱਥੇ 50 ਤੋਂ ਘੱਟ ਕਾਪੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਜੇ ਪ੍ਰਿੰਟ ਮੀਡੀਆ ਨੂੰ ਉਤਸ਼ਾਹਿਤ ਕਰਨ ਲਈ ਅੱਜ ਕੋਈ ਪੈਕੇਜ ਦੇਣਾ ਸੰਭਵ ਨਹੀਂ ਤਾਂ ਡੀ ਏ ਵੀ ਪੀ ਨੂੰ ਆਪਣੇ ਸਭ ਵਿਭਾਗਾਂ ਦੇ ਵਿਗਿਆਪਨ 50 ਫ਼ੀਸਦੀ ਦੇ ਵਧੇ ਟੈਕਸ ਨਾਲ ਜਾਰੀ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਇਸਤੋਂ ਇਲਾਵਾ ਆਈ ਐਨ ਐਸ ਨੇ ਭਾਰਤੀ ਅਖ਼ਬਾਰਾਂ ਦੀ ਰਜਿਸਟ੍ਰੇਸ਼ਨ (ਆਰ ਐਨ ਆਈ) ਦੇ ਪ੍ਰਸਾਰ ਪ੍ਰਮਾਣਪੱਤਰ ਵੈਲਡਿਟੀ 31 ਮਾਰਚ 2022 ਤੱਕ ਵਧਾਉਣ ਦੀ ਮੰਗ ਕੀਤੀ ਹੈ।

# ਔਰੰਗਾਬਾਦ ਸ਼ਹਿਰ ਦਾ ਨਾਂਅ ਬਦਲਣ ਤੋਂ ਸ਼ਿਵ ਸੈਨਾ, ਕਾਂਗਰਸ ਵਿੱਚ ਤਿੱਖੀ ਬਹਿਸ ਜਾਰੀ

ਮੁੰਬਈ, 18 ਜਨਵਰੀ (ਪੋਸਟ ਬਿਊਰੋ)- ਔਰੰਗਾਬਾਦ ਸ਼ਹਿਰ ਦਾ ਨਾਂਅ ਬਦਲਣ ਬਾਰੇ ਮਹਾਰਾਸ਼ਟਰ ਵਿੱਚ ਸੱਤਾਧਾਰੀ ਮਹਾ ਵਿਕਾਸ ਅਗਾੜੀ (ਐਮ ਵੀ ਏ) ਗੱਠਜੋੜ ਦੀ ਸਰਕਾਰ ਵਿੱਚ ਸ਼ਾਮਲ ਸ਼ਿਵ ਸੈਨਾ ਅਤੇ ਕਾਂਗਰਸ ਵਿਚਾਲੇ ਤਿੱਖੀ ਬਹਿਸ ਹੋ ਰਹੀ ਹੈ। ਮੁੱਖ ਮੰਤਰੀ ਉਧਵ ਠਾਕਰੇ ਨੇ ਕਿਹਾ ਕਿ ਜੇ ਕਿਸੇ ਨੂੰ ਜ਼ਾਲਮ ਅਤੇ ਕੱਟੜ ਮੁਗ਼ਲ ਸ਼ਾਸਕ ਔਰੰਗਜੇਬ ਚੰਗਾ ਲੱਗਦਾ ਹੈ ਤਾਂ ਉਸ ਨੂੰ ਧਰਮ ਨਿਰਪੱਖਤਾ ਨਹੀਂ ਕਿਹਾ ਜਾ ਸਕਦਾ।

ਇਸ ਉੱਤੇ ਪਲਟਵਾਰ ਕਰਦੇ ਹੋਏ ਕਾਂਗਰਸ ਨੇ ਸ਼ਿਵ ਸੈਨਾ ਅਤੇ ਵਿਰੋਧੀ ਧਿਰ ਭਾਜਪਾ ਉਤੇ ਨਾਂਅ ਬਦਲਣ ਬਾਰੇ ਸਿਆਸਤ ਕਰਨ ਦਾ ਦੋਸ਼ ਲਾਇਆ ਅਤੇ ਉਨ੍ਹਾਂ ਤੋਂ ਪੁੱਛਿਆ ਹੈ ਕਿ ਪਿਛਲੇ ਪੰਜ ਸਾਲਾਂ ਤੋਂ ਮਹਾਰਾਸ਼ਟਰ ਵਿੱਚ ਸੱਤਾ ਵਿੱਚ ਰਹਿਣ ਦੌਰਾਨ ਉਨ੍ਹਾਂ ਨੂੰ ਇਹ ਮੁੱਦਾ ਯਾਦ ਕਿਉਂ ਨਾ ਆਇਆ? ਮਹਾਰਾਸ਼ਟਰ ਕਾਂਗਰਸ ਦੇ ਮੁਖੀ ਬਾਲਾ ਸਾਹਿਬ ਥੋਰਾਟ ਨੇ ਕਿਹਾ ਕਿ ਸੂਬੇ ਵਿੱਚ ਸ਼ਿਵ ਸੈਨਾ, ਰਾਸ਼ਟਰੀ ਕਾਂਗਰਸ ਪਾਰਟੀ ਅਤੇ ਕਾਂਗਰਸ ਦੀ ਐਮ ਵੀ ਏ ਸਰਕਾਰ ਸਥਿਰ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਘੱਟੋ-ਘੱਟ ਸਾਂਝਾ ਪ੍ਰੋਗਰਾਮ (ਸੀ ਐਮ ਪੀ) ਅਨੁਸਾਰ ਕੰਮ ਕਰਦੀ ਹੈ ਤੇ ਭਾਵੁਕਤਾ ਦੀ ਸਿਆਸਤ ਲਈ ਕੋਈ ਗੁੰਜਾਇਸ਼ ਨਹੀਂ ਹੈ। ਰਾਜ ਸਰਕਾਰ ਸਹਿਯੋਗੀ ਸ਼ਿਵ ਸੈਨਾ ਅਤੇ ਭਾਜਪਾ ਔਰੰਗਾਬਾਦ ਦਾ ਨਾਂਅ ਬਦਲ ਕੇ ਛਤਰਪਤੀ ਸ਼ਿਵਾਜੀ ਮਹਾਰਾਜ ਦੇ ਪੁੱਤਰ ਛਤਰਪਤੀ ਸੰਭਾਜੀ ਮਹਾਰਾਜ ਦੇ ਨਾਂਅ ਉਤੇ ‘ਸੰਭਾਜੀ ਨਗਰ’ ਰੱਖਣ ਦੇ ਲਈ ਆਧਾਰ ਬਣਾ ਰਹੀਆਂ ਹਨ। ਸ਼ਿਵਸੈਨਾ ਦੇ ਅਖਬਾਰ ‘ਸਾਮਨਾ’ ਵਿੱਚ ਸਪਤਾਹਿਕ ਕਾਲਮ ਵਿੱਚ ਪਾਰਟੀ ਦੇ ਪਾਰਲੀਮੈਂਟ ਮੈਂਬਰ ਸੰਜੇ ਰਾਉਤ ਨੇ ਕਿਹਾ, ‘ਕਾਂਗਰਸ ਵਰਗੀਆਂ ਧਰਮ ਨਿਰਪੱਖ ਪਾਰਟੀਆਂ ਦਾ ਵਿਚਾਰ ਹੈ ਕਿ ਔਰੰਗਾਬਾਦ ਨੂੰ ਸੰਭਾਜੀਨਗਰ ਦਾ ਨਾਂਅ ਨਹੀਂ ਦਿੱਤਾ ਜਾਣਾ ਚਾਹੀਦਾ।’ ਉਨ੍ਹਾਂ ਕਿਹਾ ਕਿ ਇਨ੍ਹਾਂ ਦਲਾਂ ਨੂੰ ਲੱਗਦਾ ਹੈ ਕਿ ਜੇ ਔਰੰਗਾਬਾਦ ਦਾ ਨਾਂਅ ਬਦਲਿਆ ਤਾਂ ਮੁਸਲਮਾਨਾਂ ਵਰਗੇ ਘੱਟਗਿਣਤੀ ਫਿਰਕੇ ਖੁਸ਼ ਨਹੀਂ ਹੋਣਗੇ ਅਤੇ ਉਨ੍ਹਾਂ ਦਾ ਵੋਟ ਬੈਂਕ ਪ੍ਰਭਾਵਤ ਹੋਵੇਗਾ ਤੇ ਉਨ੍ਹਾਂ ਦੇ ਧਰਮਨਿਰਪੱਖ ਅਕਸ ’ਤੇ ਸਵਾਲ ਉਠਾਏ ਜਾਣਗੇ। ਰਾਉਤ ਨੇ ਕਿਹਾ ਕਿ ਔਰੰਗਜ਼ੇਬ ਧਰਮ ਨਿਰਪੱਖ ਨਹੀਂ, ਜ਼ਾਲਮ ਸ਼ਾਸਕ ਸੀ। ਸ਼ਿਵ ਸੈਨਾ ਉਤੇ ਪਲਟਵਾਰ ਕਰਦੇ ਹੋਏ ਥੋਰਾਟ ਨੇ ਕਿਹਾ ਕਿ ਮਹਾਰਾਸ਼ਟਰ ਅਤੇ ਕੇਂਦਰ ਦੀ ਸੱਤਾ ਵਿੱਚ ਪਿਛਲੇ ਪੰਜ ਸਾਲਾਂ ਤੱਕ ਰਹੇ ਲੋਕ ਨਾਂਅ ਬਦਲਣ ਨੂੰ ਲੈ ਕੇ ਸਿਆਸਤ ਕਰ ਰਹੇ ਹਨ।

# ਭਗਵਾਨ ਰਾਮ, ਨਾਰਦ ਤੇ ਸ਼ਿਵ ਦਾ ਅਪਮਾਨ ਕਰਨ ਉਤੇ ਵੈਬਸੀਰੀਜ਼ ‘ਤਾਂਡਵ’ ਉੱਤੇ ਪਾਬੰਦੀ ਦੀ ਮੰਗ

ਮੁੰਬਈ, 18 ਜਨਵਰੀ (ਪੋਸਟ ਬਿਊਰੋ)- ਨਿਰਦੇਸ਼ਕ ਅਲੀ ਅੱਬਾਸ ਜ਼ਫਰ ਦੀ ਨਵੀਂ ਵੈਬਸੀਰੀਜ਼ ‘ਤਾਂਡਵ’ਦੇ ਵਿਰੁੱਧ ਵਿਵਾਦ ਵੱਧਦਾ ਜਾ ਰਿਹਾ ਹੈ। ਇਸ ਵੈਬਸੀਰੀਜ਼ ਦੇ ਨਿਰਮਾਤਾਵਾਂ ’ਤੇ ਭਗਵਾਨ ਰਾਮ, ਨਾਰਦ ਅਤੇ ਸ਼ਿਵ ਦੇ ਅਪਮਾਨ ਦੇ ਦੋਸ਼ ਲੱਗ ਰਹੇ ਹਨ। ਇਸ ਪਿੱਛੋਂ ਸੋਸ਼ਲ ਮੀਡੀਆ ’ਤੇ ਲਗਾਤਾਰ ਇਸ ਉੱਤੇ ਪਾਬੰਦੀ ਦੀ ਮੰਗ ਉਠ ਰਹੀ ਹੈ।



ਭਾਜਪਾ ਦੇ ਪਾਰਲੀਮੈਂਟ ਮੈਂਬਰ ਮਨੋਜ ਕੋਟਕ ਨੇ ਸੂਚਨਾ ਅਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵਡੇਕਰ ਨੂੰ ‘ਤਾਂਡਵ’ਦੇ ਵਿਰੁੱਧ ਚਿੱਠੀ ਲਿਖੀ ਹੈ ਅਤੇ ਮਹਾਰਾਸ਼ਟਰ ਭਾਜਪਾ ਦੇ ਵਿਧਾਇਕ ਰਾਮ ਕਦਮ ਨੇ ਮੁੰਬਈ ਦੇ ਘਾਟਕੋਪਰ ਪੁਲਸ ਥਾਣੇ ਵਿੱਚ ਇਸ ਦੇ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਭਾਜਪਾ ਦੇ ਪਾਰਲੀਮੈਂਟ ਮੈਂਬਰ ਮਨੋਜ ਕੋਟਕ ਮੁਤਾਬਕ ‘ਤਾਂਡਵ’ ਵੈਬਸੀਰੀਜ਼ ਵਿੱਚ ਹਿੰਦੂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਤੇ ਓ ਟੀ ਟੀ ਪਲੇਟਫਾਰਮਾਂ ਦੇ ਪੂਰੀ ਤਰ੍ਹਾਂ ਸੈਂਸਰਸ਼ਿਪ ਤੋਂ ਮੁਕਤ ਹੋਣ ਕਾਰਨ ਵਾਰ-ਵਾਰ ਹਿੰਦੂ ਭਾਵਨਾਵਾਂ ’ਤੇ ਹਮਲੇ ਹੋਏ ਹਨ। ਉਨ੍ਹਾਂ ਕਿਹਾ ਕਿ ਮੈਂ ਬੇਨਤੀ ਕਰਦਾ ਹਾਂ ਕਿ ਓ ਟੀ ਟੀ ਨੂੰ ਭਾਰਤ ਦੀ ਅਖੰਡਤਾ ਦੇ ਹਿੱਤਾਂ ਵਿੱਚ ਸ਼ਾਮਲ ਕੀਤਾ ਜਾਵੇ। ਭਾਜਪਾ ਵਿਧਾਇਕ ਰਾਮ ਕਦਮ ਨੇ ਵੈਬਸੀਰੀਜ਼ ਦੇ ਅਭਿਨੇਤਾ, ਨਿਰੇਦਸ਼ਕ ਅਤੇ ਨਿਰਮ-ਾਤਾ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਅਤੇ ਕਈ ਭਾਜਪਾ ਆਗੂਆਂ ਨੇ ਇਸ ਸੀਰੀਜ਼ ’ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਹੈ। ਦਿੱਲੀ ਭਾਜਪਾ ਦੇ ਆਗੂ ਕਪਿਲ ਮਿਸ਼ਰਾ ਨੇ ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ, ‘ਤਾਂਡਵ’ ਦਲਿਤ ਵਿਰੋਧੀ ਅਤੇ ਹਿੰਦੂਆਂ ਵਿਰੁੱਧ ਫਿਰਕੂ ਨਫ਼ਰਤ ਨਾਲ ਭਰੀ ਹੈ।

# ਇੱਕ ਕਰੋੜ ਰੁਪਏ ਰਿਸ਼ਵਤ ਲੈਣ ਵਾਲਾ ਰੇਲਵੇ ਅਫਸਰ ਕਾਬੂ

ਨਵੀਂ ਦਿੱਲੀ, 18 ਜਨਵਰੀ (ਪੋਸਟ ਬਿਊਰੋ)- ਭਾਰਤ ਦੀ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਨੇ ਕੱਲ੍ਹ ਰੇਲਵੇ ਦੇ ਮੁੱਖ ਪ੍ਰਸ਼ਾਸਨਿਕ ਅਧਿਕਾਰੀ (ਕੰਸਟਰੱਕਸ਼ਨ) ਮਹਿੰਦਰ ਸਿੰਘ ਚੌਹਾਨ ਅਤੇ ਦੋ ਹੋਰਨਾਂ ਨੂੰ ਇੱਕ ਕਰੋੜ ਰੁਪਏ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫਤਾਰ ਕਰ ਲਿਆ। ਚੌਹਾਨ ’ਤੇ ਇੱਕ ਨਿੱਜੀ ਕੰਪਨੀ ਨੂੰ ਠੇਕਾ ਦਿਵਾਉਣ ਬਦਲੇ ਵਿੱਚ ਰਿਸ਼ਵਤ ਮੰਗਣ ਦਾ ਦੋਸ਼ ਹੈ। ਇਸ ਦੇ ਨਾਲ ਸੀ ਬੀ ਆਈ ਨੇ ਪੰਜ ਰਾਜਾਂ ਵਿੱਚ 21 ਥਾਂਵਾਂ ਉੱਤੇ ਛਾਪੇਮਾਰੀ ਕੀਤੀ ਹੈ।

ਇਸ ਬਾਰੇ ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਇੰਡੀਅਨ ਰੇਲਵੇ ਇੰਜੀਨੀਅਰਿੰਗ ਸਰਵਿਸ (ਆਈ ਆਰ ਈ ਐਸ) ਦੇ 1985 ਬੈਚ ਦੇ ਅਧਿਕਾਰੀ ਮਹਿੰਦਰ ਸਿੰਘ ਚੌਹਾਨ ਨੂੰ ਗੁਹਾਟੀ ਦੇ ਮਾਲੀਗਾਉਂ ਵਿੱਚ ਗ੍ਰਿਫਤਾਰ ਕੀਤਾ ਗਿਆ ਤੇ ਦੋ ਹੋਰਨਾਂ ਭੁਪਿੰਦਰ ਰਾਵਤ ਅਤੇ ਇੰਦਰ ਸਿੰਘ ਨੂੰ ਦੇਹਰਾਦੂਨ ਤੋਂ ਗ੍ਰਿਫਤਾਰ ਕੀਤਾ ਗਿਆ, ਜਿੱਥੇ ਚੌਹਾਨ ਦੇ ਕਹਿਣ ਉੱਤੇ ਰਿਸ਼ਵਤ ਲਈ ਗਈ ਸੀ। ਭੁਪਿੰਦਰ ਰਿਸ਼ਵਤ ਕਾਂਡ ਵਾਲੀ ਕੰਪਨੀ ਏ ਬੀ ਸੀ ਆਈ ਇਨਫਰਾਸਟ੍ਰਕਚਰਸ ਪ੍ਰਾਈਵੇਟ ਲਿਮਟਿਡ ਦਾ ਕਰਮਚਾਰੀ ਹੈ। ਦੱਸਿਆ ਗਿਆ ਹੈ ਕਿ ਚੌਹਾਨ ਨੇ ਨਾਰਥ-ਈਸਟਰਨ ਫਰੰਟੀਅਰ ਰੇਲਵੇ ਦੇ ਵੱਖ-ਵੱਖ ਪ੍ਰੋਜੈਕਟਾਂ ਦਾ ਠੇਕਾ ਦਿਵਾਉਣ ਲਈ ਏ ਬੀ ਸੀ ਆਈ ਇਨਫਰਾਸਟ੍ਰਕਚਰਸ ਪ੍ਰਾਈਵੇਟ ਲਿਮਟਿਡ ਤੋਂ ਰਿਸ਼ਵਤ ਮੰਗੀ ਸੀ। ਉਸ ਨੇ ਰਿਸ਼ਵਤ ਦੀ ਰਕਮ ਦੇਹਰਾਦੂਨ ਵਿਚਲੇ ਆਪਣੇ ਘਰ ਦੇਣ ਨੂੰ ਕਿਹਾ ਸੀ।

ਸੀ ਬੀ ਆਈ ਨੇ ਇਸ ਦੇ ਨਾਲ 2.14 ਕਰੋੜ ਰੁਪਏ ਦੀ ਰਕਮ ਵੀ ਜ਼ਬਤ ਕੀਤੀ ਹੈ। ਇਨ੍ਹਾਂ ਵਿੱਚ ਇੱਕ ਕਰੋੜ 54 ਲੱਖ ਰੁਪਏ ਦੇਹਰਾਦੂਨ ਤੋਂ ਛਾਪੇ ਵਿੱਚ ਬਰਾਮਦ ਕੀਤੇ ਗਏ। ਰਿਸ਼ਵਤ ਵਜੋਂ ਪਹਿਲਾਂ ਮਿਲੇ 60 ਲੱਖ ਰੁਪਏ ਵੀ ਜਾਂਚ ਏਜੰਸੀ ਨੇ ਜ਼ਬਤ ਕੀਤੇ ਹਨ। ਜਾਂਚ ਏਜੰਸੀ ਨੇ ਚੌਹਾਨ ਨੂੰ ਗ੍ਰਿਫਤਾਰ ਕਰਨ ਦੇ ਇਲਾਵਾ ਦੋ ਰੇਲਵੇ ਅਧਿਕਾਰੀਆਂ ਹੇਮ-ਚੰਦ ਬੋਰਾ ਅਤੇ ਲਕਸ਼ਮੀਕਾਂਤ ਵਰਮਾ ਦੇ ਖਿਲਾਫ ਕੇਸ ਦਰਜ ਕੀਤਾ ਅਤੇ ਏ ਬੀ ਸੀ ਆਈ ਇਨਫਰਾਸਟ੍ਰਕਚਰਸ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਪਵਨ ਬੈਦ ਦੇ ਖਿਲਾਫ ਵੀ ਕੇਸ ਦਰਜ ਕੀਤਾ ਹੈ। ਸੀ ਬੀ ਆਈ ਦਾ ਕਹਿਣਾ ਹੈ ਕਿ ਬੈਦ ਨਾਰਥ-ਈਸਟ ਫਰੰਟੀਅਰ ਖੇਤਰ ਦੇ ਕਈ ਪ੍ਰੋਜੈਕਟਾਂ ਦੇ ਸਿਲਸਿਲੇ ਵਿੱਚ ਚੌਹਾਨ ਦੇ ਸੰਪਰਕ ਵਿੱਚ ਸੀ।



## ਅੱਜ ਨਾਮਾ

ਲੱਗਦੀ ਫਾਲ ਪਈ ਜਾਪਦੀ ਮੋਰਚੇ ਵਿੱਚ,
ਬਚਿਆ ਜਾਂਦਾ ਤਾਂ ਬਚਣ ਕਿਸਾਨ ਭਾਈ।
ਰਾਜਸੀ ਆਗੂ ਸੰਪਰਕ ਵਿੱਚ ਕਹੇ ਜਾਂਦੇ,
ਫੜਨੀ ਮੁਸ਼ਕਲ ਹੈ ਵਗੀ ਜ਼ਬਾਨ ਭਾਈ।
ਆਪੋ ਵਿੱਚ ਜਦ ਚੱਲ ਪਈ ਚਾਂਦ-ਮਾਰੀ,
ਅਸਲੀ ਜਾਣਾ ਫਿਰ ਭੁੱਲ ਨਿਸ਼ਾਨ ਭਾਈ।
ਵੜਿਆ ਅੰਦਰ ਨਾ ਲੱਭਿਆ ਜਾਣ ਲੱਗਾ,
ਮਿਲਿਆ ਵਿੱਚ ਜਦਹੋਊ ਸ਼ੈਤਾਨ ਭਾਈ।
ਲੱਗਦੀ ਸੰਨ੍ਹ ਜੇ ਛੇਤੀ ਨਹੀਂ ਗਈ ਰੋਕੀ,
ਹੋਣੀ ਸਾਂਭਣੀ ਫੇਰ ਨਹੀਂ ਸਹਿਲ ਭਾਈ।
ਹੁੰਦੀ ਇੱਟ ਜਾਂ ਨੀਂਹਾਂ ਵਿੱਚ ਕੋਈ ਰੋੜਾ,
ਹਿੱਲਦਾ ਇੱਕ ਤੇ ਹਿੱਲਦੇ ਮਹਿਲ ਭਾਈ।

**ਤੀਸ ਮਾਰ ਖਾਂ**

# ਕਿਸਾਨ ਸੰਘਰਸ਼ ਦੌਰਾਨ ਐੱਨ ਆਈ ਏ ਵੱਲੋਂ ਨੋਟਿਸਾਂ ਵਿਰੁੱਧ ਕੈਪਟਨ ਦੀ ਮੋਦੀ ਸਰਕਾਰ ਨੂੰ ਚੇਤਾਵਨੀ



ਚੰਡੀਗੜ੍ਹ, 18 ਜਨਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਚੱਲਦੇ ਸੰਘਰਸ਼ ਦੇ ਦੌਰਾਨ ਕਈ ਕਿਸਾਨ ਆਗੂਆਂ ਅਤੇ ਉਨ੍ਹਾਂ ਦੇ ਸਮੱਰਥਕਾਂ ਨੂੰ ਕੌਮੀ ਜਾਂਚ ਏਜੰਸੀ (ਐੱਨ ਆਈਏ) ਵੱਲੋਂ ਨੋਟਿਸ ਜਾਰੀ ਕਰਨ ਦੀ ਨਿੰਦਾ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਡਰਾਉਣ ਧਮਕਾਉਣ ਦੇ ਹੱਥਕੰਡੇ ਕਿਸਾਨਾਂ ਵੱਲੋਂ ਆਪਣੇ ਹੱਕਾਂ ਤੇ ਭਵਿੱਖ ਦੀ ਲੜਾਈ ਲੜਨ ਦੇ ਇਰਾਦੇ ਨੂੰ ਕਮਜ਼ੋਰ ਨਹੀਂ ਕਰ ਸਕਦੇ।

ਭਾਜਪਾ ਆਗੂ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਸ਼ਾਂਤਮਈ ਸੰਘਰਸ਼ ਕਰਦੇ ਕਿਸਾਨਾਂ ਦੇ ਘੋਲ ਨੂੰ ਕਮਜ਼ੋਰ ਕਰਨ ਲਈ ਐੱਨ ਆਈ ਏ ਦੇ ਨੋਟਿਸ ਜਾਰੀ ਕਰਨ ਅਤੇ ਦਮਨਕਾਰੀ ਅਤੇ ਨਿੰਦਣਯੋਗ ਕਾਰਵਾਈਆਂ ਦਾ ਸਹਾਰਾ ਲੈਣ ਦੀ ਨਿੰਦਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਪੁੱਛਿਆ ਕਿ ਕੀ ਕਿਸਾਨ ਵੱਖਵਾਦੀ ਤੇ ਅੱਤਵਾਦੀ ਜਾਪਦੇ ਹਨ? ਉਨ੍ਹਾਂ ਕੇਂਦਰ ਸਰਕਾਰ ਨੂੰ ਸਾਵਧਾਨ ਕੀਤਾ ਕਿ ਇਹ ਹੋਛੇ ਢੰਗ-ਤਰੀਕੇ ਕਿਸਾਨਾਂ ਦਾ ਇਰਾਦਾ ਕਮਜ਼ੋਰ ਕਰਨ ਦੀ ਥਾਂ ਉਨ੍ਹਾਂ ਨੂੰ ਆਪਣਾ ਰੁਖ਼ ਹੋਰ ਸਖ਼ਤ ਕਰਨ ਨੂੰ ਮਜਬੂਰ ਕਰਨਗੇ। ਉਨ੍ਹਾਂ ਨੇ ਸਰਕਾਰ ਦੀ ਨੀਤ ਉੱਤੇ ਸਵਾਲ ਚੁੱਕਦਿਆਂ ਕਿਹਾ ਕਿ ਇਨ੍ਹਾਂ ਡਰਾਉਣੀਆਂ ਕਾਰਵਾਈਆਂ ਨਾਲ ਉਹ ਕਿਸਾਨਸੰਘਰਸ਼ ਨੂੰ ਦਬਾਉਣਦੇ ਯਤਨ ਕਰ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਚਿਤਾਵਨੀ ਦਿੱਤੀ ਕਿ ਜੇ ਸਥਿਤੀ ਹੱਥੋਂ ਨਿਕਲ ਗਈ ਤਾਂ ਇਸਨੂੰ ਸੰਭਾਲਣ ਲਈ ਭਾਜਪਾ ਦੇ ਸਭ ਤੋਂ ਸ਼ਕਤੀਸ਼ਾਲੀ ਸਮਝੇ ਜਾਂਦੇ ਆਗੂ ਵੀ ਕੁਝ ਨਹੀਂ ਕਰ ਸਕਣਗੇ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਖੇਤੀ ਕਾਨੂੰਨਾਂ ਨਾਲ ਪੈਦਾ ਹੋਏ ਸੰਕਟ ਨੂੰ ਹੱਲ ਕਰਨ ਦੀ ਥਾਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸੰਘਰਸ਼ ਕਰਦੇ ਕਿਸਾਨਾਂ ਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਸਤਾਉਣ ਅਤੇ ਤੰਗ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੂੰ ਨਾ ਕਿਸਾਨਾਂ ਦੀ ਚਿੰਤਾ ਤੇ ਨਾ ਮਾਨਸਿਕਤਾ ਦੀ ਸਮਝ ਹੈ, ਕੇਂਦਰ ਸਰਕਾਰ ਦੇ ਇਨ੍ਹਾਂ ਕਦਮਾਂ ਨਾਲ ਕਿਸਾਨ ਇਸ ਦੀ ਨਾਂਹ-ਪੱਖੀ ਪ੍ਰਤੀਕਿਰਿਆ ਦੇਣਗੇ।

### ਸੁਪਰੀਮ ਕੋਰਟ ਨੇ ਹੱਥ ਝਾੜੇ

# ਦਿੱਲੀ ਪੁਲਿਸ ਤੈਅ ਕਰਦੀ ਰਹੇ ਕਿ ਦਿੱਲੀ ਵਿੱਚ ਕਿਸ ਨੂੰ ਵੜਨ ਦੇਣੈ, ਕਿਸ ਨੂੰ ਨਹੀਂ



ਨਵੀਂ ਦਿੱਲੀ, 18 ਜਨਵਰੀ, (ਪੋਸਟ ਬਿਊਰੋ)- ਇਸ ਵਾਰੀ ਕਿਸਾਨ ਸੰਘਰਸ਼ ਦੌਰਾਨ ਹੋ ਰਹੇ ਗਣਤੰਤਰ ਦਿਵਸ ਦੇ ਮੌਕੇਦਿੱਲੀ ਬਾਰਡਰ ਤੋਂ ਸ਼ੁਰੂ ਹੋਣ ਵਾਲੀ ਕਿਸਾਨਾਂ ਦੀ ਟਰੈਕਟਰ ਪਰੇਡ ਬਾਰੇ ਅਰਜ਼ੀ ਉੱਤੇਸੁਣਵਾਈ ਪਿੱਛੋਂ ਸੁਪਰੀਮ ਕੋਰਟ ਨੇ ਕਹਿ ਦਿੱਤਾ ਹੈ ਕਿ ਇਹ ਅਦਾਲਤ ਦਾ ਕੰਮ ਨਹੀਂ, ਦਿੱਲੀ ਪੁਲਸ ਦਾ ਕੰਮ ਹੈ ਤੇ ਉਹ ਖੁਦ ਤੈਅ ਕਰੇ ਕਿ ਦਿੱਲੀ ਵਿੱਚ ਉਸ ਨੇਕਿਸ ਨੂੰ ਆਉਣ ਦੇਣਾ ਤੇ ਕਿਸ ਨੂੰ ਨਹੀਂ। ਅਗਲੀ ਸੁਣਵਾਈ ਬੁੱਧਵਾਰ 20 ਜਨਵਰੀ ਨੂੰ ਹੋਵੇਗੀ। ਸੁਪਰੀਮ ਕੋਰਟ ਵਿਚ ਕਿਸਾਨਾਂ ਦੀ ਇੱਕ ਧਿਰ ਦੇ ਵਕੀਲ ਏਪੀ ਸਿੰਘ ਨੇ ਅੱਜ ਦੀ ਸੁਣਵਾਈ ਪਿੱਛੋਂਮੀਡੀਆ ਨੂੰਦੱਸਿਆ ਕਿ ਕਿਸਾਨਾਂ ਦੇ ਖਿਲਾਫ ਤਿੰਨ ਕਾਨੂੰਨਾਂ ਬਾਰੇ ਦਰਜ ਪਟੀਸ਼ਨਾਂ ਦੇ ਨਾਲਦਿੱਲੀ ਪੁਲਿਸ ਦੀ ਅਰਜ਼ੀ ਉੱਤੇ ਵੀ ਅੱਜ ਸੁਣਵਾਈ ਹੋਈ ਸੀ। ਇਸ ਅਰਜ਼ੀ ਅਨੁਸਾਰ 26 ਜਨਵਰੀ ਨੂੰ ਕਿਸਾਨਾਂ ਦੀ ਟਰੈਕਟਰ ਦੇ ਪਰੇਡ ਨਾਲ ਕਾਨੂੰਨ-ਵਿਵਸਥਾ ਖ਼ਰਾਬ ਹੋ ਜਾਵੇਗੀ। ਵਕੀਲ ਨੇ ਕਿਹਾ ਕਿ ਇਸ ਬਿਲਕੁਲ ਝੂਠੀਅਰਜ਼ੀ ਵਿਚ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਜਿੱਥੇ ਵੀ ਦਿੱਲੀ ਪੁਲਿਸ ਨੇ ਰੋਕਿਆ, ਉਹ ਓਥੇ ਰੁਕੇ ਹਨ। ਵਕੀਲ ਨੇ ਕੋਰਟ ਨੂੰ ਕਿਹਾ ਕਿ 26 ਜਨਵਰੀ ਸਾਰੇ ਭਾਰਤੀਆਂ ਦੀ ਹੈ ਅਤੇ ਇਹ ਦਿਨ ਸਾਰੇ ਮਨਾਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿਇਨ੍ਹਾਂ ਕਾਨੂੰਨਾਂ ਨੂੰ ਵਾਪਸ ਲੈਣ ਵਿਚ ਇਤਰਾਜ਼ ਨਹੀਂ ਹੋਣਾ ਚਾਹੀਦਾ, ਕਿਉਂਕਿ ਇਹ ਅਪਣੇ ਲੋਕਾਂ ਦੀ ਮੰਗ ਹੈ ਅਤੇ ਇਸ ਮੌਕੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਦਖਲ ਦੇਣਾ ਚਾਹੀਦਾ ਹੈ।

ਇਸ ਸੁਣਵਾਈ ਦੌਰਾਨ ਚੀਫ ਜਸਟਿਸ ਨੇ ਕਿਹਾ ਕਿ ਕਾਨੂੰਨ-ਵਿਵਸਥਾ ਲਾਗੂ ਕਰਨਾ ਦਿੱਲੀ ਪੁਲਿਸ ਦਾ ਕੰਮ ਹੈ। ਦਿੱਲੀ ਵਿਚ ਧਾਰਾ 144 ਲੱਗੀ ਹੋਈ ਹੈ। ਦਿੱਲੀ ਵਿੱਚ ਕਿਸ ਨੂੰ ਤੇ ਕਿੰਨੇ ਲੋਕਾਂ ਨੂੰ ਐਂਟਰੀ ਦੇਣੀ ਹੈ, ਇਹ ਦਿੱਲੀ ਪੁਲਿਸ ਤੈਅ ਕਰੇ। ਵਕੀਲ ਏਪੀ ਸਿੰਘ ਨੇ ਕਿਸਾਨਾਂ ਵੱਲੋਂ ਰਾਮਲੀਲਾ ਮੈਦਾਨ ਵਿਚ ਪ੍ਰਦਰਸ਼ਨ ਕਰਨ ਲਈ ਸੁਪਰੀਮ ਕੋਰਟ ਤੋਂ ਇਜਾਜ਼ਤ ਮੰਗੀ ਸੀ। ਇਸ ਦੌਰਾਨ ਸੁਪਰੀਮ ਕੋਰਟ ਵੱਲੋਂ ਕਿਸਾਨ ਮਸਲੇ ਦੇ ਹੱਲ ਲਈ ਬਣਾਈ ਚਾਰ ਮੈਂਬਰੀ ਕਮੇਟੀ ਦੇ ਪੁਨਰ ਗਠਨਦੇ ਬਾਰੇ ਵੀ ਸੁਣਵਾਈ ਅਗਲੀ ਤਰੀਕ ਤੱਕ ਲਈ ਟਾਲ ਦਿੱਤੀ ਗਈ ਹੈ।

## ਬਰਗਾੜੀ ਬੇਅਦਬੀ ਕੇਸ ਵਿਚ ਡੇਰਾ ਸੱਚਾ ਸੌਦਾ ਦੀ ਕੌਮੀ ਕਮੇਟੀ ਦੇ ਤਿੰਨ ਮੈਂਬਰ ਭਗੌੜੇ ਐਲਾਨੇ ਗਏ

ਫ਼ਰੀਦਕੋਟ, 18 ਜਨਵਰੀ, (ਪੋਸਟ ਬਿਊਰੋ)- ਇਸ ਜ਼ਿਲੇ ਵਿੱਚ ਜੂਨੀਅਰ ਮੈਜਿਸਟਰੇਟ ਸੁਰੇਸ਼ ਕੁਮਾਰ ਦੀ ਅਦਾਲਤ ਨੇ ਬਰਗਾੜੀ ਬੇਅਦਬੀ ਕੇਸ ਵਿਚ ਸ਼ਾਮਲ ਡੇਰਾ ਸੱਚਾ ਸਦਾ ਸਿਰਸਾ ਦੀ ਕੌਮੀ ਕਮੇਟੀ ਦੇ ਤਿੰਨ ਮੈਂਬਰਾਂ ਹਰਸ਼ ਧੂਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਨੂੰ ਭਗੌੜਾ ਐਲਾਨ ਕਰਕੇ ਥਾਣਾ ਬਾਜਾਖ਼ਾਨਾ ਦੇ ਐੱਸਐੱਚਓ ਨੂੰ ਇਨ੍ਹਾਂ ਤਿੰਨਾਂ ਜਣਿਆਂ ਦੇ ਵਿਰੁੱਧ ਇਸ ਬਾਰੇਨਵਾਂ ਕੇਸ ਦਰਜ ਕਰਨ ਦੀ ਹਦਾਇਤ ਜਾਰੀ ਕੀਤੀ ਹੈ।

ਵਰਨਣ ਯੋਗ ਹੈ ਕਿ ਬਰਗਾੜੀਕੇਸ ਦੇ ਸਬੰਧ ਵਿਚ ਅਦਾਲਤ ਦੇ ਹੁਕਮਾਂ ਉੱਤੇਬੀਤੀ 8 ਦਸੰਬਰ ਨੂੰ ਸਿਰਸਾ ਦੇ ਬੱਸ ਸਟੈਂਡ ਅਤੇ ਸ਼ਾਹ ਸਤਨਾਮ ਚੌਕ ਤੋਂ ਇਲਾਵਾ ਅਦਾਲਤ ਦੇ ਨੋਟਿਸ ਬੋਰਡ ਉੱਤੇ ਵੀ ਇਨ੍ਹਾਂ ਤਿੰਨਾਂ ਵਿਰੁੱਧ ਜਾਰੀ ਹੋਏ ਨੋਟਿਸ ਦੀਆਂ ਕਾਪੀਆਂ ਲਾ ਕੇ ਪੇਸ਼ੀ ਦੀ ਜਨਤਕ ਸੂਚਨਾ ਦਿੱਤੀ ਗਈ ਸੀ। ਅੱਜ ਸੋਮਵਾਰ ਨੂੰ ਇਨ੍ਹਾਂ ਤਿੰਨਾਂ ਵੱਲੋਂ ਪੇਸ਼ ਨਾ ਹੋਣ ਉੱਤੇ ਅਦਾਲਤ ਨੇ ਤਿੰਨਾਂ ਜਣਿਆਂ ਨੂੰ ਭਗੌੜੇ ਐਲਾਨ ਕਰ ਦਿੱਤਾ ਹੈ।

ਇਸ ਤੋਂ ਪਹਿਲਾਂ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਨੇ ਬਰਗੜੀ ਅਤੇ ਹੋਰ ਥਾਂਈਂ ਵਾਪਰੇ ਬੇਅਦਬੀ ਦੇ ਮਾਮਲਿਆਂ ਦੀ ਪੜਤਾਲ ਕਰ ਕੇ ਪਹਿਲੀ ਜੂਨ 2015 ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ ਦੀ ਘਟਨਾ ਦੇ ਸੰਬੰਧ ਵਿੱਚ ਡੇਰਾ ਸੱਚਾ ਸੌਦਾ ਦੇ 7 ਪੈਰੋਕਾਰ ਗ੍ਰਿਫਤਾਰ ਕੀਤੇ ਸਨ। ਬਾਅਦ ਵਿਚ ਇਨ੍ਹਾਂ ਸੱਤਾਂ ਮੁਲਜ਼ਮਾਂ ਸਮੇਤ ਬੇਅਦਬੀ ਦੀ ਸਾਜ਼ਿਸ਼ ਦੇ ਦੋਸ਼ਾਂ ਤਹਿਤ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਅਤੇ ਇਸ ਕਮੇਟੀ ਦੇ ਤਿੰਨ ਮੈਂਬਰਾਂ ਹਰਸ਼ ਧੂਰੀ, ਪ੍ਰਦੀਪ ਕਲੇਰ ਤੇ ਸੰਦੀਪ ਬਰੇਟੇ ਨੂੰ ਕੇਸ ਵਿਚ ਨਾਮਜ਼ਦ ਕਰ ਕੇ ਇਨ੍ਹਾਂ ਸਾਰਿਆਂ ਦੇਵਿਰੁੱਧ ਅਦਾਲਤ ਵਿਚ ਚਲਾਨ ਪੇਸ਼ ਕੀਤਾ ਗਿਆ ਸੀ। ਐੱਸਆਈ ਟੀ ਦਾ ਦਾਅਵਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰ ਕੇ ਬਰਗਾੜੀ ਵਿਚ ਵੱਖ-ਵੱਖ ਥਾਂਈਂ ਬੇਅਦਬੀ ਕੀਤੀ ਗਈ ਸੀ।

# ਕਿਸਾਨ ਆਗੂਆਂ ਵੱਲੋਂ ਸਾਰੇ ਪੱਖ ਸੁਣਨ ਪਿੱਛੋਂ ਕਿਸਾਨ ਆਗੂ ਚੜੂਨੀ ਦੇ ਵਿਰੁੱਧ ਮਾਮਲਾ ਖਤਮ

ਨਵੀ ਦਿੱਲੀ, 18 ਜਨਵਰੀ, (ਪੋਸਟ ਬਿਊਰੋ)- ਬੀਤੇ ਦਿਨੀਂ ਕੁਝ ਸਿਆਸੀ ਆਗੂਆਂਤੇ ਸਮਾਜ ਸੇਵੀ ਜਥੇਬੰਦੀਆਂ ਨਾਲਕਿਸਾਨ ਆਗੂ ਗੁਰਨਾਮ ਸਿੰਘ ਚੜੂੰਨੀ ਦੀ ਮੀਟਿੰਗ ਨਾਲ ਸ਼ੁਰੂ ਹੋਇਆ ਵਿਵਾਦਅੱਜ ਸ਼ਾਮ ਸਮਾਪਤ ਹੋ ਗਿਆ। ਸੰਯੁਕਤ ਕਿਸਾਨ ਮੋਰਚਾ ਦੇ ਸਾਹਮਣੇ ਕਿਸਾਨ ਆਗੂਚੜੂੰਨੀ ਵਲੋਂ ਆਪਣਾ ਪੱਖ ਰੱਖਣ ਪਿੱਛੋਂ ਕਿਸਾਨ ਮੋਰਚੇ ਦੇ ਆਗੂਆਂ ਨੇ ਪ੍ਰੈੱਸ ਕਾਨਫਰੰਸ ਦੌਰਾਨ ਚੜੂੰਨੀ ਵਾਲਾ ਮਾਮਲਾ ਪੂਰੀ ਤਰ੍ਹਾਂ ਸਮਾਪਤ ਹੋਣ ਦਾ ਐਲਾਨ ਕੀਤਾ ਹੈ।

ਵਰਨਣ ਯੋਗ ਹੈ ਕਿ ਕਿਸਾਨ ਸੰਗਠਨਾਂ ਵੱਲੋਂਦਿੱਲੀ ਦੇ ਕੰਸਟੀਟਿਊਸ਼ਨ ਕਲੱਬ ਵਿਖੇ ਕਿਸਾਨ ਪਾਰਲੀਮੈਂਟ ਕੀਤੇ ਜਾਣ ਲਈ ਕਿਸਾਨ ਆਗੂ ਗੁਰਨਾਮ ਸਿੰਘ ਚੜੂੰਨੀ ਨੇ ਵਿਰੋਧੀ ਪਾਰਟੀਆਂ ਦੇ ਆਗੂਆਂ ਨਾਲ ਇੱਕ ਬੈਠਕ ਕੀਤੀ ਸੀ, ਜਿਸ ਵਿੱਚ ਪੰਜਾਬ ਦੇ ਕਾਂਗਰਸੀ ਪਾਰਲੀਮੈਂਟ ਮੈਂਬਰਅਤੇ ਵਿਧਾਇਕ,ਅਕਾਲੀ ਦਲ ਡੈਮੋਕਰੇਟਿਕ ਦੇ ਆਗੂ ਪਰਮਿੰਦਰ ਸਿੰਘ ਢੀਂਡਸਾ, ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਪੰਜਾਬ ਦੇ ਇੰਚਾਰਜ ਜਰਨੈਲ ਸਿੰਘ ਅਤੇ ਹੋਰ ਰਾਜ ਦੇ ਰਾਜਨੀਤਕ ਪਾਰਟੀਆਂ ਦੇ ਆਗੂ ਸ਼ਾਮਲ ਹੋਏ ਤੇ ਦਾਦਰੀ ਹਲਕੇ ਦੇ ਆਜ਼ਾਦਵਿਧਾਇਕ ਸੋਮਵੀਰ ਸੰਗਵਾਨ ਵੀ ਸ਼ਾਮਲ ਸਨ। ਇਨ੍ਹਾਂ ਵਿਧਾਇਕਾਂ, ਸਾਬਕਾ ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ, ਸਾਬਕਾ ਪਾਰਲੀਮੈਂਟਮੈਂਬਰਾਂ ਨੂੰ ਕਿਸਾਨ ਪਾਰਲੀਮੈਂਟਦੇ ਉਨ੍ਹਾਂ ਆਯੋਜਕਾਂ ਨੇ ਸੱਦਿਆ ਸੀ,ਜਿਹੜੇ ਖੁਦਕਿਸਾਨ ਕਾਨੂੰਨਾਂ ਦਾ ਵਿਰੋਧ ਕਰਦੇ ਸੰਘਰਸ਼ ਵਿੱਚ ਸ਼ਾਮਲ ਹਨ। ਇਸ ਦੌਰਾਨ ਕਿਸਾਨ ਆਗੂ ਗੁਰਨਾਮ ਸਿੰਘ ਚੜੂੰਨੀਉੱਤੇ ਕਈ ਤਰ੍ਹਾਂ ਦੇ ਦੋਸ਼ ਲਾਏ ਜਾਣ ਲੱਗ ਗਏ ਸਨ, ਪਰ ਚੜੂੰਨੀਨੇ ਆਪਣੇ ਉੱਤੇ ਲੱਗੇ ਸਾਰੇ ਦੋਸ਼ਾਂ ਦਾ ਖੰਡਨ ਕਰਦਿਆਂ ਅੱਜਇਸ ਨੂੰ ਕਿਸਾਨ ਵਿਰੋਧੀਆਂ ਦੀ ਸਾਜ਼ਸ਼ ਕਰਾਰ ਦਿੱਤਾ ਹੈ।

ਗੁਰਨਾਮ ਸਿੰਘ ਚੜੂੰਨੀਦੇ ਮੁਤਾਬਕ ਉਹ ਜਿਸ ਮੀਟਿੰਗ ਵਿਚ ਗਏ, ਉਹ ਸਮਾਜ ਸੇਵੀ ਸੰਸਥਾ ਨੇਸੱਦੀ ਸੀ ਅਤੇ ਇਸ ਦਾ ਮਕਸਦ ਕਿਸਾਨੀ ਸੰਘਰਸ਼ ਦੀ ਬਿਹਤਰੀ ਲਈ ਵਿਚਾਰ ਕਰਨਾ ਸੀ। ਉਨ੍ਹਾਂ ਕਿਹਾ ਕਿ ਸੰਘਰਸ਼ ਕਰਨ ਵਾਲੀਆਂ ਕਿਸਾਨ ਜਥੇਬੰਦੀਆਂ ਵਿਚ ਵਿਚਾਰਧਾਰਕ ਵਖਰੇਵੇਂ ਹੋ ਸਕਦੇ ਹਨ, ਪਰ ਸਾਰਿਆਂ ਦਾ ਟੀਚਾ ਇੱਕੋ ਹੈ। ਚੜੂੰਨੀ ਨੇ ਕਿਹਾ ਕਿ ਕਿਸੇ ਵੀ ਸੰਘਰਸ਼ ਵਿਚ ਵਿਚਾਰਾਂ ਦਾ ਵਖਰੇਵਾ ਹੋ ਸਕਦੇ ਹਨ, ਜਿਵੇਂ ਮਹਾਤਮਾ ਗਾਂਧੀ ਅਤੇ ਭਗਤ ਸਿੰਘ ਦੇ ਵਿਚਾਰਾਂ ਦਾ ਵੱਡਾ ਵਖਰੇਵਾਂ ਸੀ, ਪਰ ਦੋਵਾਂ ਦਾ ਟੀਚਾ ਦੇਸ਼ ਨੂੰ ਆਜ਼ਾਦ ਕਰਾਉਣਾ ਸੀ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰਵਿਰੁੱਧ ਦਬਾਅ ਬਣਾਉਣ ਲਈ ਸਾਨੂੰ ਉਨ੍ਹਾਂ ਸਾਰੇ ਢੰਗ-ਤਰੀਕਿਆਂ ਨੂੰ ਵਰਤਣਾ ਪੈਣਾ ਹੈ, ਜਿਸ ਦਾ ਕਿਸਾਨੀ ਸੰਘਰਸ਼ ਨੂੰ ਲਾਭ ਹੁੰਦਾ ਹੋਵੇ। ਉਨ੍ਹਾਂ ਕਿਹਾ ਕਿ ਮੇਰਾ ਮਕਸਦ ਸੰਘਰਸ਼ ਨੂੰ ਲਾਭ ਪੁਚਾਉਣਾ ਸੀ।

ਇਸ ਦੇ ਬਾਅਦ ਅੱਜ ਕਿਸਾਨ ਮੋਰਚੇ ਦੀ ਮੀਟਿੰਗ ਹੋਈ, ਜਿੱਥੇ ਗੁਰਨਾਮ ਸਿੰਘ ਚੜੂੰਨੀ ਵੱਲੋਂ ਆਪਣਾ ਪੱਖ ਰੱਖੇ ਜਾਣ ਦੇ ਨਾਲ ਇਹ ਮਾਮਲਾ ਖਤਮ ਹੋ ਗਿਆ ਤੇ ਚੜੂੰਨੀ ਵੀ ਮੋਰਚੇ ਦੇ ਆਗੂਆਂ ਵਿੱਚ ਸ਼ਾਮਲ ਮੰਨੇ ਗਏ ਹਨ।

# ਰਿਸ਼ਵਤ ਦੇਣ ਦੇ ਦੋਸ਼ ਹੇਠ ਸੈਮਸੰਗ ਕੰਪਨੀ ਦੇ ਵਾਈਸ ਚੇਅਰਮੈਨ ਨੂੰ ਕੈਦ ਦੀ ਸਜ਼ਾ



ਸਿਓਲ, 18 ਜਨਵਰੀ, (ਪੋਸਟ ਬਿਊਰੋ)- ਸੰਸਾਰ ਪ੍ਰਸਿੱਧ ਸੈਮਸੰਗ ਇਲੈਕਟ੍ਰਾਨਿਕ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਲੀ ਜੇ ਯੌਂਗ ਨੂੰ ਅੱਜ ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ਦੀ ਅਦਾਲਤ ਨੇ ਢਾਈ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਇਹ ਸਜ਼ਾ ਉਨ੍ਹਾਂ ਨੂੰ ਰਿਸ਼ਵਤ ਦੇਣ ਦਾ ਦੋਸ਼ੀ ਮੰਨ ਕੇ ਦਿੱਤੀ ਗਈ ਹੈ। ਇਸ ਕੇਸ ਵਿੱਚਦੇਸ਼ ਦੀ ਸਾਬਕਾ ਰਾਸ਼ਟਰਪਤੀ ਪਾਰਕ ਗੁਏਨ ਹੁਈ ਵੀ ਸ਼ਾਮਲ ਸਨ ਤੇ ਅਦਾਲਤ ਨੇ ਦੋਵਾਂ ਨੂੰ ਜੇਲ੍ਹ ਭੇਜਣ ਦਾ ਹੁਕਮ ਦੇਦਿੱਤਾ ਹੈ। ਅਦਾਲਤ ਨੇ ਸਾਬਕਾ ਰਾਸ਼ਟਰਪਤੀ ਪਾਰਕ ਗੁਏਨ ਹੁਈ ਦੀ ਲੰਮੇ ਸਮੇਂ ਦੀ ਸਹੇਲੀ ਚੋਈ ਸੂਨ ਸਿਲ ਨੂੰ ਵੀ ਜੇਲ੍ਹ ਭੇਜਣ ਦਾ ਹੁਕਮ ਦਿੱਤਾ ਹੈ। ਪਾਰਕ ਨੂੰ ਇਨ੍ਹਾਂ ਦੋਸ਼ਾਂ ਦੇ ਬਾਅਦ ਮਹਾਂਦੋਸ਼ ਮਤਾ ਪਾਸ ਕਰ ਕੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ।

ਅਦਾਲਤ ਨੇ ਇਸ ਕੇਸ ਵਿੱਚ ਮੰਨਿਆ ਹੈ ਕਿ ਸਾਬਕਾ ਮਹਿਲਾ ਰਾਸ਼ਟਰਪਤੀ ਪਾਰਕ ਗੁਏਨ ਹੁਈ ਦੀ ਸਹੇਲੀ ਚੋਈ ਸੁਨ ਸਿਲ ਨੇ ਸਰਕਾਰ ਦੇ ਸਹਿਯੋਗ ਅਤੇ ਕੰਪਨੀ ਦੇ ਸੱਤਾ ਤਬਾਦਲੇ ਦੇ ਕੰਮ ਲਈ ਇਸ ਜੁਰਮ ਵਿੱਚਲੀ ਜੇ ਯੌਂਗਦਾ ਸਾਥ ਦਿੱਤਾ ਸੀ। ਸਿਓਲ ਹਾਈ ਕੋਰਟ ਨੇ ਅੱਜ ਜਦੋਂ ਇਹ ਫ਼ੈਸਲਾ ਦਿੱਤਾ ਤਾਂ ਸੈਮਸੰਗ ਦਾ ਵਾਈਸ ਚੇਅਰਮੈਨ ਲੀ ਜੇ ਯੌਂਗ ਅਦਾਲਤ ਵਿੱਚਮੌਜੂਦ ਸੀ। ਫ਼ੈਸਲੇ ਦੇ ਤੁਰੰਤ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਹ ਪਿਛਲੇ ਤਿੰਨ ਸਾਲਾਂ ਤੋਂ ਜੇਲ੍ਹ ਤੋਂ ਬਾਹਰ ਸੀ, ਕਿਉਂਕਿ ਉਸ ਨੂੰ ਪਹਿਲਾਂ ਮਿਲੀ ਸਜ਼ਾ ਉੱਤੇ ਅਦਾਲਤ ਨੇ ਰੋਕ ਲਾ ਦਿੱਤੀ ਸੀ। 52 ਸਾਲਾ ਲੀ ਜੇ ਯੌਂਗ ਉੱਤੇ ਸਭ ਤੋਂ ਪਹਿਲਾਂ ਫ਼ਰਵਰੀ 2017 ਵਿੱਚ ਦੋਸ਼ ਲਾਗੂ ਹੋਏ ਸਨ। ਉਸ ਉੱਤੇ ਸਾਬਕਾ ਰਾਸ਼ਟਰਪਤੀ ਤੇ ਹੋਰਨਾਂ ਨੂੰ 29.8 ਅਰਬ ਵੌਨ (27.4 ਮਿਲੀਅਨ ਡਾਲਰ) ਦੀ ਰਿਸ਼ਵਤ ਦੇਣ ਦਾ ਦੋਸ਼ ਸੀ। ਸਾਲ 2017 ਵਿੱਚ ਉਸ ਨੂੰ ਪੰਜ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ, ਪਰ ਉੱਪਰਲੀ ਅਦਾਲਤ ਵਿੱਚ ਅਪੀਲ ਕਰਨ ਤੋਂ ਬਾਅਦ ਉਸ ਦੀ ਢਾਈ ਸਾਲ ਦੀ ਸਜ਼ਾ ਉੱਤੇ ਰੋਕ ਲਾ ਦਿੱਤੀ ਗਈ ਸੀ। ਅੱਜ ਉਸ ਨੂੰ ਹੋਰ ਵੀ ਸਜ਼ਾ ਦੇ ਦਿੱਤੀ ਗਈ ਹੈ।


# ਭੁਪਿੰਦਰ ਸਿੰਘ ਮਾਨ ਦੀ ਜਥੇਬੰਦੀ ਦੇ ਵਰਕਰ ਤੇ ਲੀਡਰ ਸਾਂਝੇ ਕਿਸਾਨ ਮੋਰਚੇ ਵਿੱਚ ਸ਼ਾਮਲ



ਚੰਡੀਗੜ੍ਹ, 18 ਜਨਵਰੀ, (ਪੋਸਟ ਬਿਊਰੋ)- ਕੁਝ ਦਿਨ ਪਹਿਲਾਂ ਸੁਪਰੀਮ ਕੋਰਟ ਨੇ ਕਿਸਾਨਾਂ ਤੇ ਸਰਕਾਰ ਵਿਚਾਲੇ ਖੇਤੀ ਕਾਨੂੰਨਾਂ ਦੇ ਮੁੱਦੇ ਦਾ ਤਨਾਅ ਖ਼ਤਮ ਕਰਨ ਲਈ ਇੱਕ ਚਾਰ ਮੈਂਬਰੀ ਕਮੇਟੀ ਬਣਾਈ ਸੀ, ਜਿਸ ਦੇ ਚਾਰ ਮੈਂਬਰਾਂ ਵਿੱਚੋਂ ਇੱਕਭੁਪਿੰਦਰ ਸਿੰਘ ਮਾਨ ਨੇ ਦੋ ਦਿਨ ਬਾਅਦ ਆਪਣਾ ਨਾਂ ਇਹ ਕਹਿ ਕੇ ਵਾਪਸ ਲੈ ਲਿਆ ਕਿ ਉਹ ਕਿਸਾਨਾਂ ਦੇ ਨਾਲ ਹਨ। ਇਸ ਦੇ ਬਾਅਦ ਵੀ ਉਨ੍ਹਾਂ ਨਾਲ ਕਿਸਾਨਾਂ ਦੀ ਨਾਰਾਜ਼ਗੀ ਖਤਮ ਨਹੀਂ ਹੋਈ।

ਅੱਜ ਸੋਮਵਾਰ ਨੂੰ ਭੁਪਿੰਦਰ ਸਿੰਘ ਮਾਨ ਦੀ ਕਿਸਾਨ ਜਥੇਬੰਦੀਬੀ ਕੇ ਯੂ(ਮਾਨ) ਦੇ ਵਰਕਰ ਅਤੇ ਆਗੂਉਨ੍ਹਾਂ ਦਾ ਪੱਲਾ ਛੱਡ ਕੇ ਖੇਤੀ ਕਾਨੂੰਨਾਂ ਵਿਰੁੱਧ ਸੰਘਰਸ਼ ਕਰਦੇ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਸਿਰ-ਕੱਢ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਅਤੇ ਕਈ ਹੋਰ ਆਗੂਆਂ ਨੇ ਇਸ ਜਥੇਬੰਦੀ ਦੇ ਪੰਜਾਬ ਦੇ ਪ੍ਰਧਾਨ ਬਲਦੇਵ ਸਿੰਘ ਮੀਆਂਪੁਰ ਅਤੇ ਗੁਰਬਚਨ ਸਿੰਘ ਬਾਜਵਾ ਵੱਲੋਂ ਆਪਣੇ ਸਾਥੀਆਂ ਸਮੇਤ ਏਧਰ ਆਉਣ ਉੱਤੇਉਨ੍ਹਾਂ ਦਾ ਸਨਮਾਨ ਕੀਤਾ ਹੈ। ਬਲਦੇਵ ਸਿੰਘ ਮੀਆਂਪੁਰ ਨੇ ਕਿਹਾ ਕਿ ਭੁਪਿੰਦਰ ਸਿੰਘ ਮਾਨ ਸੁਪਰੀਮ ਕੋਰਟ ਦੀ ਕਮੇਟੀ ਵਿੱਚ ਸ਼ਾਮਲ ਹੋਏ ਤਾਂ ਅਸੀਂ ਉਨ੍ਹਾਂ ਨੂੰ ਪੁੱਛਿਆ ਸੀ ਕਿ ਉਹ ਕਿਉਂ ਸ਼ਾਮਲ ਹੋਏ ਹਨ ਤਾਂ ਮਾਨ ਨੇ ਕਿਹਾ ਕਿ ਮੈਨੂੰ ਸੁਪਰੀਮ ਕੋਰਟ ਨੇ ਸ਼ਾਮਲ ਕੀਤਾ ਹੈ। ਇਸ ਦੇ ਬਾਅਦ ਅਸੀਂ ਭੁਪਿੰਦਰ ਸਿੰਘ ਦੇ ਮਾਨ ਨਾਲ ਆਪਣਾ ਸੰਬੰਧ ਤੋੜ ਲਿਆ ਅਤੇਬੀ ਕੇ ਯੂ(ਮਾਨ) ਨੂੰ ਛੱਡ ਕੇ ਅੱਜ ਤੋਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਵਿਚ ਸ਼ਾਮਲ ਹੋ ਗਏ ਹਾਂ। ਵਰਨਣ ਯੋਗ ਹੈ ਕਿ ਬਲਦੇਵ ਸਿੰਘ ਮੀਆਂਪੁਰ ਸਾਲ 2007 ਵਿੱਚ ਰਾਜੇਵਾਲ ਵਾਲੀ ਕਿਸਾਨ ਯੂਨੀਅਨ ਤੋਂ ਵੱਖ ਹੋ ਗਏ ਸਨ।

ਕੈਨੀ ਦੀ ਲੋੜ
Queen and credit view area
ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।
ਸੰਪਰਕ:- 416-556-6884

PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana

ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਯੂ ਏ ਪੀ ਏ ਦੀ ਦੁਰਵਰਤੋਂ ਨਾਲ ਮੋਦੀ ਸਰਕਾਰ ਨੇ ਆਪਣੀ ਹਾਰ ਕਬੂਲੀ : ਭਾਈ ਅਭਿਆਸੀ



ਅੰਮ੍ਰਿਤਸਰ, 18 ਜਨਵਰੀ ਦਮਦਮੀ ਟਕਸਾਲ ਦੇ ਆਗੂ ਅਤੇ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਨੇ ਕਿਸਾਨੀ ਨੂੰ ਤਬਾਹ ਕਰਨ ਵਾਲੇ ਕਾਲੇ ਕਾਨੂੰਨਾਂ ਖ਼ਿਲਾਫ਼ ਸੰਘਰਸ਼ ਕਰ ਰਹੇ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਲਈ ਭਾਰਤ ਦੀ ਮੋਦੀ ਸਰਕਾਰ ਵੱਲੋਂ ਕੋਝੇ ਹੱਥਕੰਡੇ ਅਪਣਾਉਂਦਿਆਂ ਐਨ ਆਈ ਏ ਦੀ ਤਰਫ਼ੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਖ਼ਾਲਸਾ ਸਮੇਤ ਕਿਸਾਨ ਸੰਘਰਸ਼ ਨਾਲ ਜੁੜੇ ਲੋਕਾਂ ਨੂੰ ਨੋਟਿਸ ਭੇਜੇ ਜਾਣ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਕਿਸਾਨ ਸੰਘਰਸ਼ ਨਾਲ ਜੁੜੇ ਲੋਕਾਂ ਨੂੰ ਐਨਆਈਏ ਵੱਲੋਂ ਨੋਟਿਸ ਜਾਰੀ ਕਰਕੇ ਸਰਕਾਰ ਨੇ ਆਪਣੀ ਹਾਰ ਕਬੂਲ ਕਰ ਲਈ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਾਸੀਆਂ ਨੂੰ ਆਪਣੇ ਹੱਕ ਲਈ ਅੰਦੋਲਨ ਕਰਨ ਦਾ ਹੱਕ ਸੰਵਿਧਾਨ ਨੇ ਦਿੱਤਾ ਹੋਇਆ ਹੈ। ਕਿਸਾਨੀ ਅੰਦੋਲਨ 'ਤੇ ਇਨ੍ਹਾਂ ਨੋਟਿਸਾਂ ਦਾ ਕੋਈ ਅਸਰ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਪੂਰਨ ਸ਼ਾਂਤਮਈ ਚੱਲ ਰਹੇ ਕਿਸਾਨੀ ਲਹਿਰ ਪ੍ਰਤੀ ਸਰਕਾਰ ਅਤੇ ਭਾਜਪਾ ਵੱਲੋਂ ਜਾਣਬੁੱਝ ਕੇ ਗ਼ਲਤ ਰੰਗਤ ਦੇਣ ਦੇ ਯਤਨ ਵਿਚ ਹੈ। ਸਰਕਾਰ ਅਤੇ ਭਾਜਪਾ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਲਈ ਹਰ ਹੀਲਾ ਵਰਤ ਰਹੀ ਹੈ। ਲੋਕ ਲਹਿਰ ਨੂੰ ਦਬਾਉਣ ਲਈ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਅਤੇ ਐਨਆਈਏ ਰਾਹੀਂ ਯੂਏਪੀਏ ਤਹਿਤ ਕਿਸਾਨ ਸੰਘਰਸ਼ ਉੱਪਰ ਵਾਰ ਇਸੇ ਨੀਤੀ ਦਾ ਹੀ ਹਿੱਸਾ ਹੈ। ਉਨ੍ਹਾਂ ਭਾਜਪਾ ਆਗੂਆਂ ਵੱਲੋਂ ਸੰਘਰਸ਼ਸ਼ੀਲ ਕਿਸਾਨਾਂ ਨੂੰ ਦੇਸ਼ ਵਿਰੋਧੀ ਕਹਿਣ 'ਤੇ ਵੀ ਇਤਰਾਜ਼ ਜਤਾਇਆ ਅਤੇ ਇਨ੍ਹਾਂ ਬਿਆਨਾਂ ਨੂੰ ਦੇਸ਼ ਦੀ ਏਕਤਾ ਲਈ ਖ਼ਤਰਨਾਕ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਦੀ ਅਵਾਜ਼ ਨੂੰ ਦਬਾਉਣ ਲਈ ਕੇਂਦਰ ਵੱਲੋਂ ਤਾਨਾਸ਼ਾਹ ਨੀਤੀ ਦੀ ਪ੍ਰਗਟਾਵਾ ਕਰਦਿਆਂ ਡਰਾਵਾ ਦੇਣਾ ਅਤੇ ਯੂਏਪੀਏ ਕਾਨੂੰਨ ਦੀ ਦੁਰਵਰਤੋਂ ਭਾਰਤੀ ਲੋਕਤੰਤਰ ਦਾ ਘਾਣ ਹੈ। ਉਨ੍ਹਾਂ ਮੋਦੀ ਸਰਕਾਰ ਨੂੰ ਅੜੀਅਲ ਵਤੀਰਾ ਛੱਡ ਕੇ ਕਿਸਾਨਾਂ ਦੀਆਂ ਹੱਕੀ ਮੰਗਾਂ ਪ੍ਰਵਾਨ ਕਰਨ ਲਈ ਸੰਜੀਦਗੀ ਵਿਖਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਤਾਨਾਸ਼ਾਹੀ ਬਰਦਾਸ਼ਤ ਯੋਗ ਨਹੀਂ, ਸਰਕਾਰ ਦਾ ਇਹ ਰਵੱਈਆ ਸਾਬਤ ਕਰਦਾ ਹੈ ਕਿ ਦੇਸ਼ ਦੀ ਬੀਜੇਪੀ ਸਰਕਾਰ ਤਾਨਾਸ਼ਾਹ ਬਣ ਚੁੱਕੀ ਹੈ ਜੋ ਭਾਰਤ ਦੇ ਸੰਵਿਧਾਨ ਲਈ ਵੱਡਾ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਯੂਏਪੀਏ ਦੀ ਦੁਰਵਰਤੋਂ ਤੁਰੰਤ ਬੰਦ ਕਰਨ ਅਤੇ ਕਿਸਾਨ ਆਗੂਆਂ ਨਾਲ ਠੋਸ ਨਤੀਜਿਆਂ ਲਈ ਗੱਲਬਾਤ ਕਰਨ ਦੀ ਸਰਕਾਰ ਨੂੰ ਸਲਾਹ ਦਿੱਤੀ

# ਸਿੱਖ ਟੈਂਪਲ ਕਨੋਗਾ ਪਾਰਕ, ਕੈਲੀਫੋਰਨੀਆਂ ਵਿਚ ਕਿਸਾਨੀ ਸੰਘਰਸ਼ ਦੇ ਸ਼ਹੀਦਾ ਨੂੰ ਦਿੱਤੀ ਸ਼ਰਧਾਂਜਲੀ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ): ਸਿੱਖ ਟੈਂਪਲਕਨੋਗਾ ਪਾਰਕ (ਕੈਲੇਫੋਰਨੀਆ) ਵਿਖੇ, ਦਿੱਲੀ ਚਲ ਰਹੇ ਕਿਸਾਨੀ ਸੰਘਰਸ਼ ਦੌਰਾਨ ਹੋਏ ਸ਼ਹੀਦਾਂ ਦੀ ਯਾਦ ਵਿੱਚ ਰੱਖੇ ਗਏ, ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਹ ਅਖੰਡ ਪਾਠ ਗਲੋਬਲ ਪੰਜਾਬੀ ਫੋਰਮਅਮਰੀਕਾ ਦੇ ਸਮੂਹ ਮੈਂਬਰਾਂ ਵੱਲੋਂ ਕਰਵਾਇਆਂ ਗਿਆ। ਭੋਗ ਤੋਂ ਉਪਰੰਤ ਇਲਾਹੀ ਬਾਣੀ ਦੇ ਕੀਰਤਨ ਦਾ ਪ੍ਰਵਾਹ ਚਲਿਆ। ਸ਼ਰਧਾਂਜਲੀ ਸਮਾਰੋਹ ਦੀ ਸ਼ੁਰੂਆਤ ਕਰਦਿਆਂ। ਨਾਨਕ ਸਿੰਘ ਐਲ ਏ (ਸੈਕਟਰੀ ਗਲੋਬਲ ਪੰਜਾਬੀ ਫੋਰਮ )ਨੇ ਕਿਸਾਨੀ ਘੋਲ ਦੇ ਪਿਛੋਕੜ ਬਾਰੇ ਚਾਨਣਾ ਪਾਇਆ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਸਿਆਣਪ ਅਤੇ ਦਿਨ ਰਾਤ ਦੀ ਮਿਹਨਤ ਦੀ ਸਾਲਾਹੁਤਾ ਕੀਤੀ । ਉਨਾਂ ਦੀ ਦ੍ਰਿੜਤਾ ਤੇ ਚੜਦੀ ਕਲਾ ਦੀ ਦਾਦ ਦਿੱਤੀ । ਦ੍ਰਿੜਤਾ ਤੇ ਚੜਦੀ ਕਲਾ, ਦੀ ਸਰਾਹਨਾ ਕੀਤੀ ਗਈ। ਭਾਰਤੀ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਇਹ ਤਿੰਨੇ ਕਨੂੰਨ , ਜੋ ਕਿ ਕਿਸਾਨ ਮਾਰੂ ਹਨ , ਜਲਦੀ ਤੋਂ ਜਲਦੀ ਵਾਪਸ ਲਏ ਜਾਣ । ਸੰਘਰਸ਼ ਵਿੱਚ ਹੋਏ ਸ਼ਹੀਦਾਂ ਨੂੰ ਭਾਵਪੂਰਨ ਸ਼ਬਦਾਂ ਵਿੱਚ ਸ਼ਰਧਾਂਜਲੀਪੇਸ਼ ਕੀਤੀ ਗਈ । ਇਸ ਤੋਂ ਬਾਦ ਜੀਪੀਐਫਦੇ ਪ੍ਰਧਾਨ ਜਸਪਾਲ ਸਿੰਘ ਸੈਣੀ ਨੇ ਕਿਸਾਨੀ ਸੰਘਰਸ਼ ਦੇ ਘੋਲ ਦੀ ਚਰਚਾ ਕਰਦਿਆਂ ਕਿਹਾ ਕਿ ਇਹ ਕਨੂੰਨ ਕਿਸਾਨ ਮਾਰੂ ਤਾਂ ਹਨ ਹੀ , ਇਹ ਸਮਾਜ ਦੇ ਸਾਰੇ ਵਰਗਾ ਦੇ ਹਿਤਾਂ ਖ਼ਿਲਾਫ਼ ਭੁਗਤਣ ਵਾਲੇ ਹਨ । ਇਹ ਸਿੱਧੇ ਤੌਰ ਤੇ ਕਾਰਪੋਰੇਟਘਰਾਣਿਆਂ ਦਾ ਹਿਤ ਪੂਰਦੇ ਹਨ ।ਹਰ ਹਾਲਤ ਵਿੱਚ ਵਾਪਸ ਹੋਣੇ ਚਾਹੀਦੇ ਹਨ। ਸੰਘਰਸ਼ ਵਿੱਚ ਹੋਏ ਸ਼ਹੀਦਾਂ ਨੂੰ ਯਾਦ ਕੀਤਾ ਤੇ ਸ਼ਰਧਾਂਜਲੀਪੇਸ਼ ਕੀਤੀ ॥ ਡਾ: ਅਮਰਜੀਤ ਸਿੰਘ ਜੀ ਮਾਰਵਾਹ, ਜੋ ਕਿ ਸਿੱਖ ਕਮਿਊਨਿਟੀ ਦੇ ਸਤਿਕਾਰਤ ਆਗੂ ਹਨਨੇ ਕਿਸਾਨੀ ਘੋਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਪੇਸ਼ ਕੀਤੀ । ਵਰਨਣਯੋਗ ਹੈ ਕਿ ਡਾ: ਮਾਰਵਾਹ ਜੀ ਅਮਰੀਕਾਵਿੱਚ ਤੇ ਭਾਰਤ ਚ ਵੀ ਸਮਾਜ ਸੇਵੀ ਸੰਸਥਾਵਾਂ ਦੇ ਮੋਢੀਆਂ ਵਿੱਚੋਂ ਇਕ ਹਨ, ਤੇ ਇੰਨਾਂ ਕਾਰਜਾਂ ਵਿੱਚ ਵੱਧ ਚੜ ਕੇ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨਤੇ ਡਾ: ਅਮਰਜੀਤ ਸਿੰਘ ਜੀ ਮਾਰਵਾਹ ਗਲੋਬਲ ਪੰਜਾਬੀ ਫੋਰਮਅਮਰੀਕਾਦੀ ਸੰਸਥਾ ਦੇ ਸਰਪ੍ਰਸਤ ਹਨ। ਸਟੇਜ ਦੀ ਕਾਰਵਾਈ ਨਾਨਕ ਸਿੰਘ ਐਲ ਏਨੇ ਨਿਭਾਈ ।ਕਿਸਾਨ ਸੰਘਰਸ਼ ਦੀ ਸਫਲਤਾ ਲਈ ਸਮੂਹ ਸੰਗਤ ਨੇ ਇਸ ਮੌਕੇ ਅਰਦਾਸ ਕੀਤੀ।

# ਬੇਘਰ ਜ਼ਖਮੀ ਪੂਜਾ ਨੂੰ ਸਰਾਭਾ ਆਸ਼ਰਮ ਨੇ ਦਿੱਤਾ ਆਸਰਾ



ਭੁੱਖੇ ਪੇਟ ਰੋਟੀ ਨੂੰ ਤਰਸਦੇ ਲੱਖਾਂ ਹੀ ਅਜਿਹੇ ਬੇਘਰ ਗ਼ਰੀਬ ਹਨ ਜਿਹੜੇ ਖੁੱਲ੍ਹੇ ਅਸਮਾਨ ਥੱਲੇ ਸੜਕਾਂ ਤੇ ਸੌਂ ਕੇ ਗੁਜਾਰਦੇ ਹਨ। ਬਿਮਾਰ ਹੋ ਜਾਣ ਦੀ ਸੂਰਤ ਵਿੱਚ ਕੋਈ ਪੈਸਾ ਕੋਲ ਨਾ ਹੋਣ ਕਰਕੇ ਰੋਂਦੇ-ਕੁਰਲਾਂਦੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਜਾਂਦੇ ਹਨ। ਅਜਿਹੀ ਹੀ ਹਾਲਤ ਸੀ ਇਸ ਔਰਤ ਪੂਜਾ ਦੀ ਜੋ ਕਿ ਲੁਧਿਆਣਾ ਸ਼ਹਿਰ ਵਿੱਚ ਢੰਡਾਰੀ ਦੇ ਇਲਾਕੇ ਵਿੱਚ ਸੜਕਾਂ ਤੇ ਸੌਂ ਕੇ ਜ਼ਿੰਦਗੀ ਗੁਜ਼ਾਰਦੀ ਸੀ ਅਤੇ ਭੀਖ ਮੰਗ ਕੇ ਪੇਟ ਭਰਦੀ ਸੀ। ਪਰ ਹਾਲਤ ਉਦੋਂ ਹੋਰ ਜ਼ਿਆਦਾ ਬਦਤਰ ਹੋ ਗਈ ਜਦੋਂ ਪੈਰ ਫਿਸਲ ਜਾਣ ਕਰਕੇ ਇਸ ਦੀ ਖੱਬੀ ਲੱਤ ਟੁੱਟ ਗਈ।

ਕਿਸੇ ਟੈਂਪੂ ਵਾਲੇ ਨੇ ਤਰਸ ਖਾ ਕੇ ਇਸ ਨੂੰ ਸਿਵਲ ਹਸਪਤਾਲ ਦੇ ਸਾਹਮਣੇ ਪਾਰਕ ਵਿੱਚ ਛੱਡ ਦਿੱਤਾ । ਉੱਥੇ ਸੇਵਾ ਕਰ ਰਹੇ ਏਕ ਨੂਰ ਸੇਵਾ ਸੰਸਥਾ ਦੇ ਵਲੰਟੀਅਰਾਂ ਨੇ ਇਸ ਨੂੰ ਸਿਵਲ ਹਸਪਤਾਲ 'ਚ ਦਾਖਲ ਕਰਵਾ ਦਿੱਤਾ ਅਤੇ ਇਸ ਦੀ ਲੱਤ ਦਾ ਅਪਰੇਸ਼ਨ ਕਰਵਾ ਕੇ ਪਲੱਸਤਰ ਲਗਵਾ ਕੇ ਇਸ ਨੂੰ ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ 'ਚ ਭੇਜ ਦਿੱਤਾ । ਪੂਜਾ ਦੇ ਦੱਸਣ ਮੁਤਾਬਕ ਇਸ ਦਾ ਕੋਈ ਪਰਿਵਾਰ ਨਹੀਂ ਹੈ। ਆਸ਼ਰਮ ਵਿੱਚ ਆ ਕੇ ਇਸਨੂੰ ਨਵਾਂ ਜੀਵਨ ਮਿਲਿਆ ਹੈ। ਹੁਣ ਉਸ ਨੂੰ ਮੰਜਾ ਬਿਸਤਰਾ, ਭੋਜਨ, ਮੈਡੀਕਲ ਸਹਾਇਤਾ ਅਤੇ ਹਰ ਜਰੂਰੀ ਵਸਤੂ ਮੁਫ਼ਓਮਪ;ਤ ਮਿਲਦੀ ਹੈ। ਆਸ਼ਰਮ ਦੇ ਸੰਸਥਾਪਕ ਡਾ. ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਜੋਧਾਂ ਨੇ ਆਸ ਪ੍ਰਗਟਾਈ ਹੈ ਕਿ ਪਲੱਸਤਰ ਖੁੱਲ੍ਹਣ ਤੋਂ ਬਾਅਦ ਪੂਜਾ ਤੁਰਨ ਫਿਰਨ ਦੇ ਯੋਗ ਹੋ ਜਾਵੇਗੀ। ਉਹਨਾਂ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਡੇਢ ਸੌ

ਦੇ ਕਰੀਬ ਅਪਾਹਜ, ਨੇਤਰਹੀਣ, ਦਿਮਾਗੀ ਸੰਤੁਲਨ ਗੁਆ ਚੁੱਕੇ, ਅਧਰੰਗ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ. ਆਦਿ ਨਾਲ ਪੀੜਤ ਮਰੀਜ਼ ਰਹਿੰਦੇ ਹਨ । ਇਹ ਸਾਰੇ ਹੀ ਲਾਵਾਰਸ, ਬੇਘਰ ਅਤੇ ਬੇਸਹਾਰਾ ਹਨ। ਇਹਨਾਂ ਮਰੀਜ਼ਾਂ ਦੀ ਸੇਵਾ-ਸੰਭਾਲ ਮੁਫ਼ਤ ਕੀਤੀ ਜਾਂਦੀ ਹੈ। ਆਸ਼ਰਮ ਦਾ ਲੱਖਾਂ ਰੁਪਏ ਮਹੀਨੇ ਦਾ ਖ਼ਰਚਾ ਸੰਗਤਾਂ ਦੇ ਸਹਿਯੋਗ ਨਾਲ ਹੀ ਚਲਦਾ ਹੈ। ਹੋਰ ਜਾਣਕਾਰੀ ਲਈ ਡਾ. ਮਾਂਗਟ ਦਾ ਸੰਪਰਕ ਹੈ; ਕੈਨੇਡਾ: 403-401-8787, ਇੰਡੀਆ: 95018-42506.

# ਸਮੀਰਾ ਫਾਜ਼ਿਲੀ ਡਿਪਟੀ ਡਾਇਰੈਕਟਰ ਨੈਸ਼ਨਲ ਇਕਨਾਮਿਕ ਕੌਂਸਲ ਨਿਯੁਕਤ



ਸੈਕਰਾਮੈਂਟੋ, ਕੈਲੀਫੋਰਨੀਆ, 18 ਜਨਵਰੀ (ਹੁਸਨ ਲੜੋਆ ਬੰਗਾ)- ਭਾਰਤੀ ਮੂਲ ਦੀ ਸਮੀਰਾਫਾਜ਼ਿਲੀ ਜਿਸ ਦੇ ਪਰਿਵਾਰ ਦੀਆਂ ਜੜ੍ਹਾਂ ਕਸ਼ਮੀਰ ਨਾਲ ਜੁੜੀਆਂ ਹੋਈਆਂ ਹਨ, ਨੂੰ ਰਾਸ਼ਟਰਪਤੀ ਚੁਣੇ ਗਏ ਜੋਅਬਾਇਡੇਨ ਨੇ ਨੈਸ਼ਨਲ ਇਕਨ-ਾਮਿਕ ਕੌਂਸਲ ਦੀ ਡਿਪਟੀ ਡਾਇਰੈਕਟਰ ਨਿਯੁਕਤ ਕੀਤਾ ਹੈ। ਫਾਜ਼ਿਲੀ ਭਾਰਤੀ ਮੂਲ ਦੇ ਦਰਜ਼ਨ ਤੋਂ ਵਧ ਨਿਯੁਕਤ ਕੀਤੇ ਸੀਨੀਅਰਸਟਾਫ ਮੈਂਬਰਾਂ ਵਿਚ ਸ਼ਾਮਿਲ ਹੋ ਗਈ ਹੈ। ਇਸ ਤੋਂ ਪਹਿਲਾਂ ਫਾਜ਼ਿਲੀਫੈਡਰਲਰਿਜਰਵ ਬੈਂਕ ਆਫ ਐਟਲਾਂਟਾ ਵਿਚ ਕਮਿਊਨਿਟੀ ਤੇ ਆਰਥਕ ਵਿਕਾਸ ਸਬੰਧੀ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਅ ਚੁੱਕੀ ਹੈ। ਉਬਾਮਾ-ਬਾਇਡੇਨ ਪ੍ਰਸ਼ਾਸਨ ਵਿਚ ਉਹ ਵਾਇਟਹਾਊਸ ਦੀ ਨੈਸ਼ਨਲ ਇਕਨਾਮਿਕ ਕੌਂਸਲ ਵਿਚ ਸੀਨੀਅਰ ਨੀਤੀ ਸਲਾਹਕਾਰ ਵਜੋਂ ਕੰਮ ਕਰ ਚੁੱਕੀ ਹੈ। ਇਸ ਤੋਂ ਪਹਿਲਾਂ ਉਸ ਨੇ ਯੇਲਲਾਅ ਸਕੂਲ ਵਿਚ ਕਲੀਨੀਕਲ ਲੈਕਚਰਾਰ ਵਜੋਂ ਵੀ ਨੌਕਰੀ ਕੀਤੀ ਸੀ।

# ਵਿਦਿਆਰਥੀਆਂ ਨੂੰ ਸੜਕੀ ਨਿਯਮਾਂ ਦੇ ਪਾਲਨ ਲਈ ਜਾਗਰੂਕ ਕਰਨ ਲਈ ਹਫ਼ਤਾਵਾਰੀ ਵਰਕਸ਼ਾਪ ਦਾ ਆਯੋਜਨ ਕੀਤਾ





ਮੋਹਾਲੀ, 18 ਜਨਵਰੀ (ਪੋਸਟ ਬਿਊਰੋ): ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ ਦੇ ਝੰਜੇੜੀ ਕੈਂਪਸ ਵੱਲੋਂ ਆਪਣੇ ਵਿਦਿਆਰਥੀਆਂ ਲਈ ਸੜਕੀ ਨਿਯਮਾਂ ਪ੍ਰਤੀ ਜਾਗਰੂਕ ਕਰਨ ਦੇ ਮੰਤਵ ਨਾਲ ਹਫ਼ਤਾਵਾਰੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਪੂਰਾ ਹਫ਼ਤਾ ਵੱਖ ਵੱਖ ਗਤੀਵਿਧੀਆਂ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਸੈਮੀਨਾਰ ਦਾ ਹਿੱਸਾ ਬਣਾਉਂਦੇ ਹੋਏ ਸੜਕੀ ਨਿਯਮਾਂ ਸਬੰਧੀ ਜਾਗਰੂਕ ਕੀਤਾ।

ਵਿਦਿਆਰਥੀਆਂ ਨੂੰ ਜਾਗਰੂਕ ਕਰਦੇ ਹੋਏ ਦੱਸਿਆਂ ਗਿਆ ਕਿ ਵਿਸ਼ਵ ਪੱਧਰ ਤੇ ਰੋਜ਼ਾਨਾ ਤਿੰਨ ਹਜ਼ਾਰ ਦੇ ਕਰੀਬ ਲੋਕ ਸੜਕ ਹਾਦਸਿਆਂ ਵਿਚ ਮਾਰੇ ਜਾਂਦੇ ਹਨ। ਜਦ ਕਿ ਭਾਰਤ ਵਿਚ ਹਰ ਸਾਲ ਡੇਢ ਲੱਖ ਦੇ ਕਰੀਬ ਮੌਤਾਂ ਸੜਕ ਹਾਦਸਿਆਂ ਵਿਚ ਹੁੰਦੀਆਂ ਹਨ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਦੱਸਿਆਂ ਗਿਆ ਕਿ ਵਿਸ਼ਵ ਭਰ ਵਿਚ ਸੜਕੀ ਹਾਦਸਿਆਂ ਵਿਚ ਮਰਨ ਵਾਲੇ ਲੋਕਾਂ ਵਿਚ ਨੌਜਵਾਨਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ, ਜਿਨ੍ਹਾਂ ਦੀ ਔਸਤ ਉਮਰ ਪੰਦਰਾਂ ਤੋਂ ਤੀਹ ਸਾਲ ਦੇ ਦਰਮਿਆਨ ਹੁੰਦੀ ਹੈ। ਜਦ ਕਿ ਇਨ੍ਹਾਂ ਵਿਚ ਪੰਜਾਹ ਪ੍ਰਤੀਸ਼ਤ ਮੌਤਾਂ ਪੈਦਲ ਚੱਲਣ ਵਾਲੇ ਜਾਂ ਦੋਪਹੀਆ ਚੱਲਣ ਵਾਲੇ ਲੋਕਾਂ ਦੀ ਹੁੰਦੀ ਹੈ। ਇਸ ਲਈ ਸਦਾ ਪੈਦਲ ਚਲਣ ਵੇਲੇ ਫੁੱਟਪਾਥ ਤੇ ਚੱਲਣਾ ਚਾਹੀਦਾ ਹੈ। ਜਦ ਕਿ ਸਕੂਟਰ, ਮੋਟਰਸਾਈਕਲ ਤੇ ਹੈਲਮੈਂਟ ਅਤੇ ਕਾਰ ਚਲਾਉਂਦੇ ਹੋਏ ਸੀਟ ਬੈਲਟ ਲਗਾਉਣੀ ਚਾਹੀਦੀ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਆਵਾਜਾਈ ਦੇ ਦੌਰਾਨ ਵਾਪਰਨ ਵਾਲੇ ਹਾਦਸਿਆਂ ਤੋਂ ਬਚਣ ਲਈ ਵਰਤੀਆਂ ਜਾਣ ਵਾਲੀਆਂ ਵੱਖ-ਵੱਖ ਸਾਵਧਾਨੀਆਂ ਬਾਰੇ ਵਿਸਥਾਰ ਨਾਲ ਸਮਝਾਇਆ। ਇਸ ਦੇ ਨਾਲ ਹੀ ਵੱਖ-ਵੱਖ ਟ੍ਰੈਫਿਕ ਸਿਗਨਲ, ਜ਼ੈਬਰਾ ਕਰਾਸਿੰਗ, ਟਰੈਫ਼ਿਕ ਲਾਈਟਾਂ ਅਤੇ ਹੈਲਮਟ ਦੇ ਇਸਤੇਮਾਲ ਸਬੰਧੀ ਵਿਸ਼ੇਸ਼ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਵੀ ਮਹੱਤਵਪੂਰਨ ਸਵਾਲ ਵੀ ਪੁੱਛੇ ਗਏ ਇਹਨਾਂ ਸਬੰਧੀ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਬੜੇ ਹੀ ਸਰਲ ਅਤੇ ਰੋਚਕ ਤਰੀਕੇ ਨਾਲ ਸਮਝਾਇਆ ਗਿਆ।

ਸੀ ਜੀ ਸੀ ਦੇ ਪ੍ਰੈਜ਼ੀਡੈਂਟ ਰਛਪਾਲ ਸਿੰਘ ਧਾਲੀਵਾਲ ਨੇ ਵਿਦਿਆਰਥੀਆਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਦੱਸੇ ਗਏ ਟ੍ਰੈਫਿਕ ਨਿਯਮਾਂ ਨੂੰ ਚੰਗੀ ਤਰ੍ਹਾਂ ਸਮਝ ਲੈਣ ਅਤੇ ਜ਼ਿੰਦਗੀ ਵਿਚ ਪੂਰੀ ਤਰ੍ਹਾਂ ਯਾਦ ਰੱਖਣ ਤਾਂ ਜੋ ਭਵਿੱਖ ਵਿਚ ਉਹ ਆਪਣੀ ਤੇ ਸਮਾਜ ਦੀ ਬਿਹਤਰੀ ਵਿਚ ਆਪਣਾ ਯੋਗਦਾਨ ਪਾ ਸਕਣ।

ਕਰਦੇ ਹੋਏ।


## ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ


CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

“ਮੁੜੇ-ਘਿੜੇ ਬੋਤੀ ਬੋਹੜ ਥੱਲੇ”

# ਕੇਂਦਰ ਸਰਕਾਰ ਕਿਸਾਨ ਅੰਦੋਲਨ ਨੂੰ ਸੁਪਰੀਮ ਕੋਰਟ ਦੇ ਝਮੇਲੇ ’ਚ ਫਸਾ ਕੇ ਖਤਮ ਕਰਨ ਦੀ ਤਾਂਘ ’ਚ



ਮੁਹੰਮਦ ਜਮੀਲ ਜੌੜਾ ਐਡਵੋਕੇਟ

**ਸੀ.ਬੀ.ਆਈ., ਈ.ਡੀ, ਆਈ.ਟੀ, ਐਨ.ਆਈ.ਏ. ਵਰਗੀਆਂ ਏਜੰਸੀਆਂ ਅਤੇ ਈ.ਸੀ., ਸੀ.ਏ.ਜੀ ਸਮੇਤ ਸੁਪਰੀਮ ਕੋਰਟ ਜਿਹੀਆਂ ਸੰਵਿਧਾਨਕ ਸੰਸਥਾਵਾਂ ਤੇ ਵੀ ਮੋਦੀ ਸਰਕਾਰ ਦਾ ਦਬਾਅ ਜੱਗ ਜਾਹਿਰ ਹੋਣ ਲੱਗਾ**

ਕੇਂਦਰ ਸਰਕਾਰ ਵੱਲੋਂ ਬਣਾਏ ਵਿਵਾਦਤ ਖੇਤੀ ਕਾਨੂੰਨਾਂ ਨੇ ਦੇਸ਼ ਭਰ ‘ਚ ਉੱਥਲ-ਪੁੱਥਲ ਕਰ ਰੱਖੀ ਹੈ । ਜਿੱਥੇ ਲੱਖਾਂ ਦੀ ਗਿਣਤੀ ‘ਚ ਕਿਸਾਨ, ਬਜ਼ੁਰਗ ਔਰਤਾਂ ਅਤੇ ਬੱਚੇ ਦਿੱਲੀ ਦੀਆਂ ਬਰੂਹਾਂ ‘ਤੇ 54 ਦਿਨਾਂ ਤੋਂ ਧਰਨਾ ਦੇ ਕੇ ਬੈਠੇ ਹਨ ਉਥੇ ਹੀ ਹਰ ਸੂਬੇ ‘ਚ ਇਨ੍ਹਾਂ ਕਾਲੇ ਕਾਨੂੰਨਾਂ ਦਾ ਜ਼ੋਰਦਾਰ ਵਿਰੋਧ ਹੋ ਰਿਹਾ ਹੈ ਇਸ ਦੌਰਾਨ 130 ਤੋਂ ਵੱਧ ਕਿਸਾਨਾਂ ਦੀ ਮੌਤ ਵੀ ਹੋ ਚੁੱਕੀ ਹੈ । ਭਾਵੇਂ ਕਿ ਹੁਣ ਤੱਕ 9 ਗੇੜਾਂ ਦੀ ਬੇਸਿੱਟਾ ਰਹੀ ਗੱਲਬਾਤ ਸਰਕਾਰ ਅਤੇ ਕਿਸਾਨ ਆਗੂਆਂ ਵਿਚਾਲੇ ਹੋ ਚੁੱਕੀ ਹੈ । ਜੇਕਰ ਇਨ੍ਹਾਂ ਕਾਨੂੰਨਾਂ ਨੂੰ ਬਾਰੀਕੀ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਕਾਨੂੰਨਾਂ ਦਾ ਨਾਮ ਖੇਤੀ ਕਾਨੂੰਨਾਂ ਦੀ ਬਜਾਏ ਕਾਰਪੋਰੇਟ ਵੈਲਫੇਅਰ ਕਾਨੂੰਨ ਰੱਖਿਆ ਜਾਣਾ ਚਾਹੀਦਾ ਸੀ ਕਿਉਂਕਿ ਉਕਤ ਤਿੰਨੋਂ ਕਾਨੂੰਨ ਕਾਰਪੋਰੇਟ ਨੂੰ 100 ਪ੍ਰਤੀਸ਼ਤ ਮੁਨਾਫਾ ਦੇਣ ਦੀ ਗਾਰੰਟੀ ਦਿੰਦੇ ਹਨ ਅਤੇ ਕਿਸਾਨ ਮਰਦਾ ਹੈ ਤਾਂ ਮਰ ਜਾਵੇ । ਅਡਾਨੀ ਐਗਰੀ. ਲੋਜਿਸ. ਲਿਮ. (ਏ.ਏ.ਐਲ.ਐਲ.) ਵੱਲੋਂ ਬਣਾਏ ਅਨਾਜ ਭੰਡਾਰਣ ਗੋਦਾਮਾਂ ਸਬੰਧੀ ਭਾਰਤ ਸਰਕਾਰ ਕੰਪਨੀ ਨਾਲ ਇਹ ਗਰੰਟੀਸੁਦਾ ਸਮਝੌਤਾ ਕਰ ਚੁੱਕੀ ਹੈ ਕਿ 30 ਸਾਲ ਤੱਕ ਸਰਕਾਰ ਅਨਾਜ ਭੰਡਾਰ ਰੱਖੇਗੀ ਅਤੇ ਹਰ ਸਾਲ ਮਹਿੰਗਾਈ ਦੇ ਹਿਸਾਬ ਨਾਲ ਰੈਂਟ ਵੀ ਵਧਦਾ ਜਾਵੇਗਾ ਪਰੰਤੂ ਇਸ ਦੇ ਉਲਟ ਕਿਸਾਨਾਂ ਨੂੰ ਨਿਊਨਤਮ ਸਮਰਥਨ ਮੁੱਲ ਦੀ ਗਰੰਟੀ ਦੇਣ ਤੋਂ ਵੀ ਸਰਕਾਰ ਪੱਲਾ ਝਾੜਦੀ ਨਜ਼ਰ ਆ ਰਹੀ ਹੈ । ਦੇਸ਼ ਦੇ ਵੱਖ-ਵੱਖ ਸੂਬਿਆਂ ‘ਚ ਅੰਦੋਲਨ ਕਰ ਰਹੇ ਕਿਸਾਨ ਆਪਣੀਆਂ ਹੱਕੀ ਮੰਗਾਂ ਤਿੰਨੋਂ ਖੇਤੀ ਕਾਨੂੰਨ ਰੱਦ ਕਰਵਾਉਣ ਅਤੇ ਫਸਲਾਂ ਤੇ ਐਮ.ਐਸ.ਪੀ. ਨੂੰ ਕਾਨੂੰਨੀ ਰੂਪ ਦੇਣ ਦੀ ਮੰਗ ਕਰ ਰਹੇ ਹਨ ਪਰੰਤੂ ਸਰਕਾਰ ਆਪਣੇ ਪੁਰਾਣੇ ਦਮਨਕਾਰੀ ਅਨੁਭਵ ਅਜ਼ਮਾ ਰਹੀ ਹੈ ਜੋ ਲਗਾਤਾਰ ਫੇਲ ਹੋ ਰਹੇ ਹਨ । ਕੇਂਦਰ ਦੀ ਮੋਦੀ ਸਰਕਾਰ ਦੀ ਮੁੱਢ ਤੋਂ ਹੀ ਪ੍ਰਮੁੱਖਤਾ ਰਹੀ ਹੈ ਕਿ “ਮੁੜੇ ਘਿੜੇ ਬੋਤੀ ਬੋਹੜ ਥੱਲੇ”। ਸਰਕਾਰ ਜਦੋਂ ਵੀ ਕਿਸੇ ਮਾਮਲੇ ਤੇ ਘਿਰਦੀ ਨਜ਼ਰ ਆਈ ਕਿਸੇ ਏਜੰਸੀ ਦੀ ਸ਼ਰਨ ਲੈ ਕੇ ਬਚ ਨਿਕਲਦੀ ਹੈ ਅਤੇ ਉਸ ਦੇ ਇਨਾਮ ਵਜੋਂ ਰਿਟਾਇਰਮੈਂਟ ਤੋਂ ਕੁਝ ਦਿਨਾਂ ਬਾਅਦ ਹੀ ਵੱਡੀਆਂ ਅਦਾਲਤਾਂ ਦੇ ਜੱਜ ਸਰਕਾਰ ਦੇ ਸਮਰਥਨ ਨਾਲ ਰਾਜ ਸਭਾ ਦੇ ਮੈਂਬਰ ਅਤੇ ਸੂਬਿਆਂ ਦੇ ਗਵਰਨਰ ਬਣ ਜਾਂਦੇ ਹਨ, ਗੋਦੀ ਮੀਡੀਆ ਆਦਤਨ ਪਾਕਿ-ਸਤਾਨ ਦੀ ਮਹਿੰਗਾਈ ਅਤੇ ਚੀਨ ਨੂੰ ਲਾਲ ਅੱਖਾਂ ਦਿਖਾਉਣਾ ‘ਤੇ ਬਹਿਸ ਕਰਵਾ ਕੇ ਜਨਤਾ ਨੂੰ ਮੰਤਰ ਮੁਗਧ ਕਰਦੇ ਰਹਿੰਦੇ ਹਨ । ਹੁਣ ਸਰਕਾਰ ਨੇ ਕਿਸਾਨ ਅੰਦੋਲਨ ਨੂੰ ਖਤਮ ਕਰਵਾਉਣ ਲਈ ਆਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਕਰਕੇ ਮਾਣਯੋਗ ਸੁਪਰੀਮ ਕੋਰਟ ਦਾ ਸਹਾਰਾ ਵੀ ਲੈ ਲਿਆ ਜੋ ਕਿ ਕਾਰਗਰ ਸਾਬਤ ਹੁੰਦਾ ਨਜ਼ਰ ਨਹੀ ਆ ਰਿਹਾ । ਜਿਸ ਦਾ ਸਭ ਤੋਂ ਵੱਡਾ ਕਾਰਣ ਕਿਸਾਨ ਅੰਦੋਲਨ ਦੇ ਆਗੂਆਂ ਦੀ ਦੂਰਅੰਦੇਸ਼ੀ ਸੋਚ ਅਤੇ ਲੰਬੇ ਸੰਘਰਸ਼ਾਂ ਦਾ ਅਨੁਭਵ ਹੈ ਜਿਸ ਕਾਰਣ ਕੇਂਦਰ ਦੀ ਹਰ ਚਾਲ ਨਾਕਾਮ ਹੋ ਰਹੀ ਹੈ ।

ਸੁਪਰੀਮ ਕੋਰਟ ਦਾ ਫੈਸਲਾ ਆ ਗਿਆ ਹੈ, ਤਿਨੋਂ ਖੇਤੀ ਕਾਨੂੰਨ ਸਸਪੈਂਡ ਕਰ ਦਿਤੇ ਗਏ ਹਨ ਅਤੇ ਇੱਕ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਸ ਵਿੱਚ ਦੇਸ਼ ਦੇ ਵਿਦਵਾਨ (ਐਕਸਪਰਟ) ਸ਼ਾਮਿਲ ਕੀਤੇ ਗਏ ਹਨ ਜਿਸ ਦੇ ਸਾਹ-ਮਣੇ ਦੋਵੇਂ ਧਿਰਾਂ ਨੂੰ ਪੇਸ਼ ਹੋਣਾ ਲਾਜ਼ਮੀ



ਕਰਾਰ ਦਿੱਤਾ ਗਿਆ ਹੈ ਜੋ ਕਿ ਸਾਰੀ ਸਥਿਤੀ ਤੋਂ ਕੋਰਟ ਨੂੰ ਜਾਣੂ ਕਰਵਾਏਗੀ । ਭਾਵੇਂ ਕਿ ਕਮੇਟੀ ਦੇ ਕੁਝ ਮੈਂਬਰ ਆਪਣੇ ਆਪ ਨੂੰ ਇਸ ਮਾਮਲੇ ‘ਚੋਂ ਪਿੱਛੇ ਖਿੱਚ ਰਹੇ ਹਨ । ਸਰਕਾਰ ਦੇ ਤਿੰਨ ਅੰਗ ਵਿਧਾਨ ਪਾਲਿਕਾ, ਕਾਰਜ ਪਾਲਿਕਾ, ਨਿਆਂਪਾਲਿਕਾ ਹਨ ਜਿਸ ਵਿਚੋਂ ਨਿਆਂਪਾਲਿਕਾ ਬਿਲਕੁਲ ਸੁਤੰਤਰ ਤੌਰ ਤੇ ਕੰਮ ਕਰਦਾ ਹੈ । ਸੁਪਰੀਮ ਕੋਰਟ ਆਜ਼ਾਦ ਹੈ ਜੋ ਕਿਸੇ ਵੀ ਦਬਾਅ ਹੇਠ ਕੰਮ ਨਹੀ ਕਰਦੀ । ਪਰੰਤੂ ਪਿਛਲੇ ਕੁਝ ਸਾਲਾਂ ਤੋਂ ਸੀ.ਬੀ.ਆਈ., ਈ.ਡੀ, ਆਈ.ਟੀ, ਐਨ.ਆਈ.ਏ. ਵਰਗੀਆਂ ਏਜੰਸੀਆਂ ਅਤੇ ਈ.ਸੀ., ਸੀ.ਏ.ਜੀ ਸਮੇਤ ਸੁਪਰੀਮ ਕੋਰਟ ਜਿਹੀਆਂ ਸੰਵਿਧਾਨਕ ਸੰਸਥਾਵਾਂ ਤੇ ਵੀ ਦਬਾਅ ਜੱਗ ਜਾਹਿਰ ਹੋ ਚੁੱਕਾ ਹੈ । ਭਾਵੇਂ ਪਿਛਲੇ ਦਿਨੀਂ ਚਾਰ ਸੀਨੀਅਰ ਜੱਜਾਂ ਦੀ ਪ੍ਰੈਸ ਕਾਨਫਰੰਸ ਦਾ ਮਾਮਲਾ ਹੋਵੇ ਜਾਂ ਇੱਕ ਅਖੌਤੀ ਪੱਤਰਕਾਰ ਅਰਨਬ ਗੋਸਵਾਮੀ ਲਈ ਵਿਸ਼ੇਸ ਫੇਵਰ ਦਾ ਮਾਮਲਾ ਸਮੇਤ ਅਨੇਕਾਂ ਉਦਾਹਰਣਾਂ ਸਾਹਮਣੇ ਹਨ ਜਿਸ ਤੋਂ ਮਾਣਯੋਗ ਸੁਪਰੀਮ ਕੋਰਟ ਦੀ ਸਥਿਤੀ ਸੁਤੰਤਰ ਨਜ਼ਰ ਤਾਂ ਨਹੀ ਆ ਰਹੀ । ਇਸੇ ਤਰ੍ਹਾਂ ਕਿਸਾਨ ਅੰਦੋਲਨ ਸਬੰਧੀ ਜੋ ਸੁਪਰੀਮ ਕੋਰਟ ਦਾ ਰਵੱਈਆ ਵੀ ਸਰਕਾਰ ਪੱਖੀ ਹੀ ਜਾਪਦਾ ਹੈ ।

ਸੰਸਦ ਦੇ ਬਣਾਏ ਕਾਨੂੰਨਾਂ ਸਬੰਧੀ ਲੜਾਈ ਜਨਤਾ ਅਤੇ ਸਰਕਾਰ ਦਰਮਿ-ਆਨ ਹੈ ਜਿਸ ਦਾ ਹੱਲ ਵੀ ਸੰਸਦ ਦੇ ਮਾਧਿਅਮ ਰਾਹੀਂ ਹੀ ਨਿਕਲਣਾ ਹੈ ਪਰੰਤੂ ਸੁਪਰੀਮ ਕੋਰਟ ਨੇ ਕੁਝ ਫਰਜ਼ੀ ਕਿਸਾਨ ਜੱਥੇਬੰਦੀਆਂ ਅਤੇ ਅੰਦੋਲਨ ਖਤਮ ਕਰਵਾਉਣ ਸਬੰਧੀ ਪਾਈਆਂ ਗਈਆਂ ਪਟੀਸ਼ਨਾਂ ਦੀ ਸੁਨਵਾਈ ਕਰਦਿਆਂ ਖੁਦ ਹੀ ਸਰਕਾਰ ਦੀ ਧਿਰ ਬਣ ਗਿਆ । ਜਦੋਂਕਿ ਨਾ ਤਾਂ ਸਰਕਾਰ ਨੇ ਇਸ ਸਬੰਧੀ ਕੋਈ ਪਟੀਸ਼ਨ ਸੁਪਰੀਮ ਕੋਰਟ ‘ਚ ਪਾਈ ਅਤੇ ਨਾ ਹੀ ਕਿਸਾਨ ਜੱਥੇਬੰਦੀਆਂ ਨੇ ਅਤੇ ਨਾ ਹੀ ਕਿਸਾਨਾਂ ਵੱਲੋਂ ਕੋਈ ਵਕੀਲ ਸੁਪਰੀਮ ਕੋਰਟ ਵਿੱਚ ਪੇਸ਼ ਹੋਇਆ । ਅਜਿਹੀ ਸਥਿਤੀ ਵਿੱਚ ਸੁਪਰੀਮ ਕੋਰਟ ਨੂੰ ਵਿਵਾਦਿਤ ਖੇਤੀ ਕਾਨੂੰਨਾਂ ਦੀ ਸੰਵਿਧਾਨਕਤਾ ਦੀ ਜਾਂਚ ਕਰਨੀ ਬਣਦੀ ਸੀ ਜਿਸ ਤੇ ਕੋਈ ਚਰਚਾ ਨਹੀਂ ਹੋਈ । ਜਦੋਂਕਿ ਕੋਰਟ ਨੂੰ ਖੇਤੀ ਕਾਨੂੰਨ ਸੰਵਿਧਾਨਿਕਤਾ ਦੀ ਕਸੋਟੀ ਤੇ ਪਰਖਕੇ ਸਸਪੈਂਡ ਕਰਨੇ ਚਾਹੀਦੇ ਸਨ ਕਿ ਭਾਰਤੀ ਸੰਵਿਧਾਨ ਅੰਦਰ ਯੂਨੀਅਨ ਲਿਸਟ, ਸਟੇਟ ਲਿਸਟ ਅਤੇ ਕਨਕਰੰਟ ਲਿਸਟ ਤਿੰਨ ਸੂਚੀਆਂ ਹਨ ਜਿਸ ਮੁਤਾਬਿਕ ਯੂਨੀਅਨ ਸੂਚੀ ਅਧੀਨ ਕੇਂਦਰ ਸਰਕਾਰ, ਸਟੇਟ ਸੂਚੀ ਅਧੀਨ ਰਾਜ ਸਰਕਾਰ ਅਤੇ ਕਨਕਰੰਟ ਸੂਚੀ ਅਧੀਨ ਕੇਂਦਰ ਅਤੇ ਰਾਜ ਦੋਵੇਂ ਕਾਨੂੰਨ ਬਣਾ ਸਕਦੇ ਹਨ । ਤਿੰਨੋਂ ਸੂਚੀਆਂ ‘ਚ ਖੇਤੀ ਸਬੰਧੀ 14 ਸਥਾਨਾਂ ਤੇ ਸਪਸ਼ਟ ਕੀਤਾ ਗਿਆ ਹੈ ਕਿ ਕੇਂਦਰ ਨੂੰ ਖੇਤੀ ਸਬੰਧੀ ਕਾਨੂੰਨ ਬਣਾਉਣ ਦੇ ਅਧਿਕਾਰ ਨਹੀਂ ਬਲਿਕ ਰਾਜਾਂ ਕੋਲ ਹਨ । ਜਦੋਂ ਕੇਂਦਰ ਕੋਲ ਖੇਤੀ ਸਬੰਧੀ ਕਾਨੂੰਨ ਬਣਾਉਣ ਦਾ ਅਧਿਕਾਰ ਹੀ ਨਹੀਂ ਤਾਂ ਰਾਜਾਂ ਦੇ ਅਧਿਕਾਰਾਂ ਤੇ ਹਮਲਾ ਕਰਕੇ ਕੇਂਦਰ ਵੱਲੋਂ ਬਣਾਏ ਕਾਨੂੰਨਾਂ ਦੀ ਸੰਵਿਧਾਨਕ ਜਾਂਚ ਕਰਕੇ ਸੁਪਰੀਮ ਕੋਰਟ ਨੂੰ ਇਸ ਦੇ ਨੁਕਤੇ ਤੈਅ ਕਰਕੇ ਪੰਜ ਜੱਜਾਂ ਦੀ ਬੈਂਚ ਨੂੰ ਰੈਫਰ ਕਰ ਦੇਣਾ ਚਾਹੀਦਾ ਸੀ । ਇਸ ਲਈ ਕਿਸੇ ਕਮੇਟੀ ਦੀ ਵੀ ਜਰੂਰਤ ਨਹੀ ਪੈਣੀ ਸੀ ਕਿਉਂਕਿ ਮਾਣਯੋਗ ਸੁਪਰੀਮ ਕੋਰਟ ਦੇ ਜੱਜਾਂ ਤੋਂ ਜ਼ਿਆਦਾ ਸੰਵਿਧਾਨ ਦੀ ਵਿਆਖਿਆ ਕੋਈ ਨਹੀਂ ਕਰ ਸਕਦਾ ਹੈ ।

ਸੁਪਰੀਮ ਕੋਰਟ ਵੱਲੋਂ ਵਿਚਾਰਣਯੋਗ ਕੁਝ ਜਰੂਰੀ ਨੁਕਤੇ:-

- ਕਰੋਨਾ ਮਹਾਂਮਾਰੀ ਦੇ ਅਪਾਤਕਾਲ ‘ਚ ਕੇਂਦਰ ਨੂੰ ਖੇਤੀ ਸਬੰਧੀ ਆਰਡੀਨੈਂਸ ਲਿਆਉਣ ਦੀ ਜਰੂਰਤ ਕਿਉਂ ਪਈ?
- ਸੰਵਿਧਾਨ ਦੇ ਖਿਲਾਫ ਰਾਜਾਂ ਦੇ ਅਧਿਕਾਰਾਂ ਤੇ ਹਮਲਾ ਕਰ ਕੇਂਦਰ ਨੇ ਖੇਤੀ ਸਬੰਧੀ ਕਾਨੂੰਨ ਕਿਉਂ ਬਣਾਏ?
- ਰਾਜ ਸਭਾ ‘ਚ ਬਿਨ੍ਹਾਂ ਵੋਟਿੰਗ ਪ੍ਰਕਿਰਿਆ ਤੋਂ ਖੇਤੀ ਬਿਲ ਪਾਸ ਕਿਉਂ ਕਰਵਾਏ ਗਏ?
- ਕੜਾਕੇ ਦੀ ਠੰਡ ‘ਚ 54 ਦਿਨਾਂ ਤੋਂ ਚੱਲ ਰਹੇ ਕਿਸਾਨ ਅੰਦੋਲਨ ਦੇ ਸਮਾਧਾਨ ਲਈ ਸਰਕਾਰ ਵੱਲੋਂ ਸਾਰਥਕ ਗੱਲਬਾਤ ਕਿਉਂ ਨਹੀਂ ਹੋ ਸਕੀ ।
- ਕਿਸਾਨ ਅੰਦੋਲਨ ਦੌਰਾਨ ਹੋਈਆਂ ਕਰੀਬ 130 ਮੌਤਾਂ ਦੀ ਜ਼ਿੰਮੇਦਾਰੀ ਕਿਸਦੀ ਹੈ?
- ਖੇਤੀ ਕਾਨੂੰਨ ਵਾਪਸ ਲੈਣ ‘ਚ ਸਰਕਾਰ ਦਾ ਕੀ ਨੁਕਸਾਨ ਹੈ?
- ਨਿਊਨਤਮ ਸਮਰਥਨ ਮੁੱਲ ਨੂੰ ਕਾਨੂੰਨੀ ਰੂਪ ਦੇਣ ‘ਚ ਸਰਕਾਰ ਨੂੰ ਕੀ ਨੁਕਸਾਨ ਹੈ?
- ਦੇਸ਼ ਦੇ ਨਾਗਰਿਕਾਂ ਨੂੰ ਸ਼ਾਂਤਮਈ ਪ੍ਰਦਰਸ਼ਨ ਕਰਨ ਲਈ ਰਾਜਧਾਨੀ ਦਿੱਲੀ ਆਉਣ ਤੋਂ ਕਿਉਂ ਰੋਕਿਆ ਗਿਆ?
- ਹਜ਼ਾਰਾਂ ਕਿਸਾਨਾਂ ਤੇ ਪਰਚੇ ਕਿਉਂ ਕੀਤੇ ਗਏ?
- ਕਿਸਾਨ ਅੰਦੋਲਨ ਦੀ ਮਾਲੀ ਮਦਦ ਕਰਨ ਵਾਲੇ ਦਾਨੀ ਲੋਕਾਂ ਖਿਲਾਫ ਇਨਕਮ ਟੈਕਸ, ਐਨ.ਆਈ.ਏ ਆਦਿ ਏਜੰਸੀਆਂ ਵੱਲੋਂ ਔਚਕ ਨੋਟਿਸ ਭੇਜਣ ਦਾ ਕੀ ਕਾਰਣ ਹੈ?


ਕੈਨੇਡੀਅਨ ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.




Visions of Punjab



Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com




Iqbal Mahal
Producer & Host

Serving the South Asian Community Since 1976

ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ


Forklift Training
Forklift $79 Recertification
Counterbalance Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com

Looking For a Nest..? Call the Best



FOR SALE
EXCLUSIVE FOR SALE IN WOODSTOCK

CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2455 | 42' |



CLOSING IN APRIL 2021

| Bedroom | Bathroom |
|---|---|
| 4 | 2+1 |
| Size (Sq.Ft.) | Home Details |
| 2250 | 36' |

FOR SALE
EXCLUSIVE
JAMES C

KAMAL SANDHU RE/MAX GOLD REALTY INC BROKERAGE



Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ





ਕੁਆਲਿਟੀ ਮੂੰਹੋਂ ਬੋਲਦੀ ਹੈ

Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਕਿਉਂ ਗੁਲਾਮ ਬਣਨ ਲਈ ਮਜ਼ਬੂਰ ਹੋਇਆ ਆਜ਼ਾਦ ਭਾਰਤ ਦਾ ਪ੍ਰਧਾਨ ਮੰਤਰੀ ?



ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ

ਲਗਭਗ 73 ਹੋ ਗਏ ਹਨ ਭਾਰਤ ਨੂੰ ਅੰਗਰੇਜ਼ਾਂ ਤੋਂ ਮੁਕਤ ਹੋਇਆ ਨੂੰ ,ਜਿਸ ਨੂੰ ਲੋਕ ਆਜ਼ਾਦੀ ਕਹਿੰਦੇ ਹਨ .ਆਜ਼ਾਦੀ ਦਾ ਮਤਲਬ ਭਾਰਤੀ ਅੱਜ ਵੀ ਨਹੀਂ ਸਮਝ ਸਕੇ ਕਿ ਅਸੀਂ ਆਜ਼ਾਦ ਹਾਂ ਜਾਂ ਗੁਲਾਮ ਪਤਾ ਨਹੀਂ ਕਿਉਂ ?ਗੁਲਾਮੀ ਦੀਆਂ ਜ਼ੰਜ਼ੀਰਾਂ ਤੋੜਨ ਵਾਸਤੇ ਦੇਸ਼ ਦੇ ਲੱਖਾਂ ਲੋਕਾਂ ਨੇ ਆਪਣਾ ਜੀਵਨ ਬਲੀਦਾਨ ਕੀਤਾ .ਸਰਦਾਰ ਭਗਤ ਸਿੰਘ ,ਰਾਜਗੁਰੂ ,ਸੁਖਦੇਵ ,ਲਾਲਾ ਲਾਜਪਤ ,ਸ਼ਹੀਦ ਊਧਮ ਸਿੰਘ ਇਸ ਤੋਂ ਇਲਾਵਾ ਹਜ਼ਾਰਾਂਗੁੰਮਨਾਮ ਯੋਧੇ ਹਨ .ਜਿਹਨਾਂ ਨੇ ਅੰਗਰੇਜ਼ਾਂ ਨੂੰ ਦੇਸ਼ ਵਿੱਚੋ ਕੱਢਣ ਵਾਸਤੇ ਨਾ ਆਪਣੇ ਪਰਿਵਾਰ ਬਾਰੇ ਸੋਚਿਆ ਨਾ ਆਪਣੀ ਜਿੰਦਗੀ ਬਾਰੇ .ਸਿਰਫ ਮਨ ਵਿਚ ਇੱਕੋ ਇੱਕ ਹੀ ਜਨੂੰਨ ਸੀ ਕਿ ਅਸੀਂ ਦੇਸ਼ ਨੂੰ ਆਜ਼ਾਦ ਹੀ ਕਰਵਾ ਕਿ ਸਾਹ ਲਵਾਂਗੇ .ਆਖਰ ਆਪਣੇ ਨਿਸ਼ਾਨੇ ਤੇ ਤੀਰ ਲਾ ਕੇ ਹੀ ਉਹਨਾਂ ਸਾਹ ਲਿਆ .ਬਹੁਤ ਸਾਰੇ ਲੋਕਾਂ ਨੂੰ ਆਜ਼ਾਦੀ ਨੇ ਬਰਦਾਦ ਕਰ ਦਿੱਤਾ .ਦੇਸ਼ ਵਿੱਚ ਧਰਮ ਦੇ ਨਾਂ ਤੇ ਉਥਲ ਪੁਥਲ ਹੋ ਗਈ . ਦੇਸ਼ ਫ਼ਿਰੰਗੀਆਂ ਤੋਂ ਆਜ਼ਾਦ ਹੋ ਜਾਵੇ .ਫ਼ਿਰੰਗੀ ਜਾਂਦੇ ਜਾਂਦੇ ਆਪਣਾ ਕੰਮ ਕਰ ਗਏ . ਉਹਨਾਂ ਦਾ ਮਨਸੂਬਾ ਸੀ .ਉਹ ਆਪਣੇ ਮਨਸੂਬੇ ਵਿਚ ਵੀ ਪੂਰੀ ਤਰਾਂ ਕਾਮਯਾਬ ਹੋ ਗਏ . ਹਿੰ-ਦੁਸਤਾਨ ਦੀ ਹਿਕ ਉਤੇ ਲਕੀਰਾਂ ਖਿੱਚ ਗਏ .ਜੋ ਅੱਜ ਤਕ ਅਵਾਮ ਨੂੰ ਤਕਲੀਫ ਦੇ ਰਹੀਆਂ ਹਨ .ਦੇਸ਼ ਦੇ ਲੋਕਾਂ ਨੇ ਜੋ ਸੋਚਿਆ ਸੀ ਉਹ ਸੁਪਨਾ ਵੀ ਪੂਰਾ ਨਾ ਹੋਇਆ .ਸੋਚਦੇ ਸਨ ਕਿ ਦੇਸ਼ ਆਜ਼ਾਦ ਹੋਵੇਗਾ ਸਾਡੇ ਲੋਕ ਹੀ ਪ੍ਰਸ਼ਾਸਨ ਵਿਚ ਹੋਣਗੇ ਸਾਡੇ ਹੀ ਲੋਕ ਮੰਤਰੀ ਹੋਣਗੇ .ਸਾਡੇ ਲੋਕਾਂ ਨੂੰ ਸਾਡੀ ਦੁੱਖ ਤਕਲੀਫ ਬਾਰੇ ਜਾਣਕਾਰੀ ਹੋਵੇਗੀ .ਅਸੀਂ ਆਪਣੇ ਨੂੰ ਆਪਣਾ ਦੁੱਖ ਤਕਲੀਫ ਦਸ ਕਿ ਆਪਣਾ ਹਲ ਲੱਭ ਲਵਾਂਗੇ . ਲੋਕਤੰਤਰ ਵਿੱਚ ਬਹੁਤ ਕੁਝ ਅੰਗਰੇਜ਼ਾਂ ਦੇ ਸ਼ਾਸਨ ਨਾਲੋਂ ਵੱਖਰਾ ਹੋਵੇਗਾ .ਲੋਕ ਜਿਸ ਨੂੰ ਚਾਹੁੰਣਗੇ ਉਸ ਦੇ ਹੱਕ ਵਿਚ ਵੋਟਾਂ ਪਾ ਕੇ ਉਸ ਨੂੰ ਗੱਦੀ ਬਿਰਾਜਮਾਨ ਕਰ ਦੇਣਗੇ . ਪਰ ਇਸ ਗੱਲ ਦਾ ਪਤਾ ਨਹੀਂ ਸੀ ਕਿ ਇਸ ਲੋਕਤੰਤਰ ਦਾ ਧਰੋਤੰਤਰ ਬਣਾ ਕੇ ਰੱਖ ਦੇਣਗੇ .ਜਿਸ ਦੀ ਜਿਉਂਦੀ ਮਿਸਾਲ ਅੱਜ ਦਿੱਲੀ ਦੀਆਂ ਸੜਕਾਂ ਉਤੇ ਵੇਖਣ ਨੂੰ ਮਿਲ ਰਹੀ ਹੈ .ਕਿਉਂਕਿ ਬੇਸ਼ਕ ਦੁਨੀਆਂ ਦੀਆਂ ਨਜ਼ਰਾਂ ਵਿੱਚ ਭਾਰਤ ਆਜ਼ਾਦ ਹੋਵੇਗਾ .ਪਰ ਜੇ ਕਰ ਦੇਸ਼ ਦੇ ਲੋਕਾਂ ਨੂੰ ਪੁੱਛੋਂ ਤਾਂ ਲਗਭਗ ਇਹੋ ਹੀ ਕਹਿਣਗੇ ਕਿ ਇਸ ਤੋਂ ਤਾਂ ਅੰਗਰੇਜ਼ ਹੀ ਚੰਗੇ ਸਨ .ਇਹ ਗੱਲ ਲੋਕ ਕਿਉਂ ਕਹਿਣ ਤੇ ਮਜ਼ਬੂਰ ਹੋਏ ਹਨ .ਇਹ ਇਕ ਸੋਚਣ ਦਾ ਵਿਸ਼ਾ ਬਣ ਗਿਆ ਹੈ .ਪਰ ਜੇ ਕੋਈ ਆਪਣੀ ਆਵਾਜ਼ ਬੁਲੰਦ ਕਰਦਾ ਹੈ .ਉਸ ਨੂੰ ਦੇਸ਼ ਧ੍ਰੋਹੀ ਕਹਿ ਕੇ ਉਸ ਦੀ ਆਵਾਜ਼ ਨੂੰ ਬੰਦ ਕਰ ਦਿੱਤਾ ਜਾਂਦਾ ਹੈ .ਪਰ ਜੋ ਸਤਾ ਵਿੱਚ ਬੈਠੇ ਹਨ ਉਹ ਕਿਉਂ ਨਹੀਂ ਸੋਚਦੇ? ਕਿ ਅਸੀਂ ਜੋ ਕਰ ਰਹੇ ਹਾਂ ਕੀ ਇਹ ਸਹੀ ਹੈ .ਦੇਸ਼ ਭਗਤੋ ਕੀ ਅੱਜ ਸਾਰੇ ਦੇਸ਼ ਦੇ ਕਿਸਾਨ ਦੇਸ਼ ਧ੍ਰੋਹੀ ਬਣ ਗਏ ਹਨ .ਜੇ ਤੁਹਾਡੇ ਕਾਲੇ ਕਨੂੰਨਾਂ ਨੂੰ ਸਵੀਕਾਰ ਕਰ ਲੈਂਦੇ .ਫਿਰ ਕਿਸਾਨਾਂ ਨੂੰ ਦੇਸ਼ ਭਗਤ ਦਾ ਦਰਜ਼ਾ ਮਿਲ ਜਾਣਾ ਸੀ .ਇਹ ਗੱਲ ਕੌਣ ਬੋਲ ਰਿਹਾ ਹੈ ਇਸ ਬਾਰੇ ਸਾਨੂੰ ਪਤਾ ਹੋਣਾ ਚਾਹੀਦਾ ਹੈ .ਉਹ ਹਨ ਮੁੱਠੀ ਭਰ ਅਮੀਰ ਘਰਾਣਿਆਂ ਦੇ ਲੋਕ ਅੰਬਾਨੀ ,ਅਡਾਨੀ ,ਟਾਟੇ ,ਬਿਰਲੇ ,ਡਾਲੀਮੀਆ ਤੇ ਅੱਜ ਦਾ ਸਰਕਾਰੀ ਅੰਬੈਸਡਰ ਬਾਬਾ ਰਾਮੂ .ਜਿਹਨਾਂ ਲੋਕਾਂ ਨੇ 90 ਹਜ਼ਾਰ ਕਰੋੜ ਖਰਚ ਕੇ ਮੋਦੀ ਨੂੰ ਕੁਰਸੀ ਤੇ ਬਿਠਾਇਆ ਹੈ .ਤਾਹੀਓਂ ਮੋਦੀ ਕਿਸਾਨਾਂ ਵਲ ਨਹੀਂ ਉਹਨਾਂ ਕਾਰ-ਪੋਰੇਟ ਘਰਾਣਿਆਂ ਵਲ ਬਿੱਲੀ ਵਾਂਗੂ ਝਾਕ ਰਿਹਾ ਹੈ .ਗੁਲਾਮ ਬੰਦਾ ਕਦੇ ਵੀ ਕੋਈ ਫੈਸਲਾ ਨਹੀਂ ਲੈ ਸਕਦਾ .ਜਿਹੜ੍ਹਾ ਹੋਇਆ ਹੀ ਗੁਲਾਮ ,ਭਾਰਤ ਦੀ ਗੁਲਾਮੀ ਵਾਲੀ ਜ਼ੰਜ਼ੀਰ ਤਾਂ ਲੋਕਾਂ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਤੋੜ ਦਿੱਤੀ .ਪਰ ਹੁਣ ਮੋਦੀ ਦੇ ਗੱਲ ਜੋ ਮੁੱਠੀਭਰ ਅਮੀਰ ਘਰਾਣਿਆਂ ਜ਼ੰਜ਼ੀਰ ਪਾ ਕੇ ਰੱਖੀ ਹੋਈ ਹੈ ਉਸ ਨੂੰ ਕੌਣ ਤੋੜੇਗਾ ?ਮੋਹਨ ਭਾਗਵਤ ਜਿਸ ਨੇ ਮੋਦੀ ਨੂੰ ਆਰ ਐਸ ਐਸ ਵਿੱਚੋ ਕੱਢ ਕੇ ਆਜ਼ਾਦ ਭਾਰਤ ਦਾ ਗੁਲਾਮ ਪ੍ਰਧਾਨ ਮੰਤਰੀ ਬਣਾਉਣ ਦੀ ਜੁਮੇਵਾਰੀ ਨਿਭਾਈ ਹੈ .ਅਗਰ ਮੋਦੀ ਵਿੱਚ ਹਿੰਮਤ ਹੁੰਦੀ ਤਾਂ ਜ਼ਰੂਰ ਪੰਜ ਸੱਤ ਬੰਦਿਆ ਨੂੰ ਅੱਖੋਂ ਪਰੋਖੇ ਲੱਖਾਂ ਕਿਸਾਨਾਂ ਦੇ ਹੱਕ ਵਿੱਚ ਫੈਸਲਾ ਕਰ ਦਿੰਦਾ .ਕਹਿੰਦਾ ਫਿਰ ਕੀ ਹੋਇਆ ਜੇ ਕਿਸਾਨ ਕਾਲੇ ਕਨੂੰਨ ਸਵੀਕਾਰ ਨਹੀਂ ਤੇ ਨਾ ਸਹੀ .ਉਹ ਵਾਪਿਸ ਕਰ ਲੈਂਦੇ ਹਾਂ ਪਰ ਇਹ ਸਭ ਕੁੱਝ ਤਾਂ ਹੀ ਹੁੰਦਾ ਜੇ ਆਜ਼ਾਦ ਭਾਰਤ ਦਾ ਪ੍ਰਧਾਨ ਮੰਤਰੀ ਆਜ਼ਾਦ ਹੁੰਦਾ .ਹੁਣ ਦੁੱਖ ਇਸ ਗੱਲ ਦਾ ਹੈ ਕਿ ਆਜ਼ਾਦ ਭਾਰਤ ਦਾ ਪ੍ਰਧਾਨ ਮੰਤਰੀ ਆਜ਼ਾਦ ਹੀ ਨਹੀਂ ਸਗੋਂ ਗੁਲਾਮ ਹੋ ਗਿਆ ਹੈ . ਜਿਸ ਕਰਕੇ ਆਪ ਨਹੀਂ, ਆਪਣੇ ਮੰਤਰੀਆਂ ਨੂੰ ਲਾਰੇ ਲੱਪੇ ਲਗਾਉਣ ਵਾਸਤੇ ਕਹਿ ਰਿਹਾ ਹੈ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਕਿਸਾਨ ਮੰਨ ਹੀ ਜਾਣ .ਪਰ ਇਹ ਗੱਲ ਤੂੰ ਮੋਦੀ ਜੀ ਮਨ ਵਿੱਚੋ ਕੱਢ ਹੀ ਦੇ .ਕਿਸਾਨ ਤਾਂ ਕਨੂੰਨ ਰੱਦ ਕਰਵਾ ਕੇ ਹੀ ਘਰ ਵਾਪਿਸ ਪਰਤਣਗੇ .ਭਾਵੇ ਜਿਨਾਂ ਚਿਰ ਮਰਜ਼ੀ ਕਿਉਂ ਨਾ ਸੰਘਰਸ ਕਰਨਾ ਪਵੇ .ਜਿਹਨਾਂ ਨੂੰ ਅੱਗ ਦਾ ਡਰ ਨਹੀਂ ,ਮੀਂਹ ਦਾ ਡਰ ਨਹੀਂ . ਸੱਪ ਦਾ ਡਰ ਨਹੀਂ ,ਸੀਂਹ ਦਾ ਡਰ ਨਹੀਂ ਫਿਰ ਤੇਰੇ ਕੋਲੋਂ ਕਿਉਂ ਡਰਨ ।

# ਇਹ ਝੂਠ ਵੀ ਹੈ ਅਤੇ ਪਾਖੰਡ ਵੀ

-ਕਰਣ ਥਾਪਰ

ਭਾਰਤ ਦੀਆਂ ਆਧੁਨਿਕ ਸਰਕਾਰਾਂ ਵਿੱਚ ਕਈ ਰਾਜਾਂ ਵਿੱਚ ਰੂਪ ਧਾਰਨ ਕਰਨ ਦੀ ਇੱਕ ਚਿੰਤਾਜਨਕ ਪ੍ਰਵਿਰਤੀ ਹੈ। ਪਾਰਲੀਮੈਂਟ ਮੈਂਬਰ ਅਤੇ ਮੰਤਰੀਆਂ ਦੀ ਵਿਦਿਅਕ ਯੋਗਤਾ ਨਿਗੂਣੀ ਜਾਂ ਸਵਾਲ ਉਠਾਉਣ ਯੋਗ ਹੁੰਦੀ ਹੈ, ਉਹ ਸਾਡੇ ਵਿੱਚੋਂ ਸਾਰਿਆਂ ਲਈ ਤੈਅ ਕਰਨ ਲਈ ਸਿਆਣਪ ਦੇ ਅਧਿਕਾਰੀ ਹੁੰਦੇ ਹਨ ਕਿ ਅਸੀਂ ਕੀ ਕਰ ਸਕਦੇ ਹਾਂ ਅਤੇ ਕੀ ਨਹੀਂ ਕਰ ਸਕਦੇ। ਦੋ ਖੇਤਰ, ਜਿੱਥੇ ਇਹ ਸਭ ਤੋਂ ਵੱਧ ਅਨਿਯਮਿਤ ਤੇ ਘੱਟ ਤੋਂ ਘੱਟ ਉਚਿਤ ਹੈ, ਉਹ ਉਮਰ ਹੈ, ਜਿਸ ਉੱਤੇ ਅਸੀਂ ਕਾਨੂੰਨੀ ਤੌਰ ਉੱਤੇ ਸਿਗਰਟਨੋਸ਼ੀ ਕਰ ਸਕਦੇ ਜਾਂ ਪੀ ਸਕਦੇ ਹਾਂ। ਅਸੀਂ 18 ਸਾਲ ਦੀ ਉਮਰ ਵਿੱਚ ਵੋਟ ਪਾਉਣ ਲਈ ਲੋੜੀਂਦੇ ਅਡਲਟ ਮੰਨੇ ਜਾਂਦੇ ਹਾਂ, ਪਰ ਭਾਰਤ ਵਿੱਚ ਕੋਈ ਸਰਕਾਰ ਉਸ ਉਮਰ ਵਿੱਚ ਸਿਗਰਟਨੋਸ਼ੀ ਦੀ ਇਜਾਜ਼ਤ ਨਹੀਂ ਦਿੰਦੀ। 37 ਵਿੱਚੋਂ ਛੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਤੁਹਾਨੂੰ 18 ਸਾਲ ਦੀ ਉਮਰੇ ਸਿਗਰਟ ਪੀਣ ਦੀ ਇਜਾਜ਼ਤ ਦਿੰਦੇ ਹਨ। ਪੰਜਾਬ, ਹਰਿਆਣਾ, ਮਹਾਰਾਸ਼ਟਰ ਤੇ ਦਿੱਲੀ ਤੇ ਚੰਡੀਗੜ੍ਹ ਵਰਗੇ ਕੇਂਦਰ ਸਾਸ਼ਿਤ ਪ੍ਰਦੇਸ਼ਾਂ ਵਿੱਚ ਤੁਹਾਨੂੰ 25 ਸਾਲ ਤੱਕ ਉਡੀਕ ਕਰਨੀ ਪੈਂਦੀ ਹੈ। ਹਲਕੀ ਬੀਅਰ ਪੀਣ ਦੀ ਇਜਾਜ਼ਤ ਜੋ ਕੁਝ ਹੱਦ ਤੱਕ ਹੋ ਸਕਦੀ ਹੈ, ਪਰ 21 ਦੀ ਉਮਰ ਤੱਕ। ਕੇਰਲ ਵਿੱਚ ਕਾਨੂੰਨੀ ਉਮਰ 23 ਸਾਲ ਦੀ ਹੈ ਅਤੇ ਬਾਕੀਆਂ ਵਿੱਚ 21 ਸਾਲ। ਸਾਡੀ ਕੇਂਦਰ ਸਰਕਾਰ ਉਸ ਉਮਰ ਨਾਲ ਛੇੜਛਾੜ ਕਰਨ ਦੀ ਸੋਚ ਰੱਖਦੀ ਹੈ, ਜਿਸ ਉੱਤੇ ਅਸੀਂ ਕਾਨੂੰਨੀ ਤੌਰ ਉੱਤੇ ਸਿਗਰਟ ਪੀ ਸਕਦੇ ਹਾਂ। 2003 ਵਿੱਚ ਇਸ ਨੂੰ 18 ਸਾਲ ਤੱਕ ਤੈਅ ਕੀਤਾ ਗਿਆ, ਪਰ ਡਰਾਫਟ ਸਿਗਰਟ ਅਤੇ ਹੋਰ ਤੰਬਾਕੂ ਉਤਪਾਦ (ਇਸ਼ਤਿਹਾਰ ਤੇ ਵਪਾਰ ਅਤੇ ਵਣਜ, ਉਤਪਾਦਨ, ਸਪਲਾਈ ਅਤੇ ਵੰਡ ਦੀ ਮਨਾਹੀ) ਸੋਧ ਬਿੱਲ 2020 ਇਸ ਨੂੰ 21 ਸਾਲ ਤੱਕ ਵਧਾਉਣਾ ਚਾਹੁੰਦਾ ਹੈ। ਇਹੀ ਨਹੀਂ ਸਿਹਤ ਮੰਤਰਾਲਾ ਇਨ੍ਹਾਂ ਤਬਦੀਲੀਆਂ ਲਈ ਲੋਕਾਂ ਦੀ ਪ੍ਰਤੀਕਿਰਿਆ ਵੀ ਮੰਗ ਰਿਹਾ ਹੈ। ਇੱਥੇ ਮੈਂ ਆਪਣੀ ਪ੍ਰਤੀਕਿਰਿਆ ਦੇ ਰਿਹਾ ਹਾਂ। ਇਹ ਨਾ ਕਰੋ। ਇਹ ਇੱਕ ਅਜਿਹਾ ਖੇਤਰ ਨਹੀਂ, ਜਿੱਥੇ ਸਰਕਾਰਾਂ ਬਿਹਤਰ ਜਾਣਦੀਆਂ ਹਨ ਅਤੇ ਯਕੀਨੀ ਤੌਰ ਉੱਤੇ ਇੱਕ ਮੁੱਦਾ ਨਹੀਂ ਹੈ ਜਿਸ ਉੱਤੇ ਤੁਹਾਨੂੰ ਸਾਡੇ ਲਈ ਤੈਅ ਕਰਨਾ ਚਾਹੀਦਾ ਹੈ। ਮੈਂ ਉਨ੍ਹਾਂ ਖੇਤਰਾਂ ਜਾਂ ਹਾਲਤਾਂ ਵਿੱਚ ਸਿਗਰਟਨੋਸ਼ੀ ਉੱਤੇ ਪਾਬੰਦੀ ਨੂੰ ਸਮਝ ਸਕਦਾ ਹਾਂ, ਜਿੱਥੇ ਜ਼ਰੂਰੀ ਤੌਰ ਉੱਤੇ ਜਾਂ ਨਾ ਸਹਿਣ ਯੋਗ ਤੌਰ ਉੱਤੇ ਹੋਰ ਸਿਗਰਟਨੋਸ਼ੀ ਨਹੀਂ ਕਰਦੇ, ਉਹ ਪ੍ਰਭਾਵਤ ਹੁੰਦੇ ਹਨ। ਜਨਤਕ ਥਾਵਾਂ, ਜਿਵੇਂ ਹੋਟਲ, ਰੈਸਟੋਰੈਂਟ, ਸਿਨੇਮਾਹਾਲ, ਬਾਰ ਆਦਿ ਵਿੱਚ ਸਿਗਰਟਨੋਸ਼ੀ ਕਰਨਾ ਗੈਰ-ਕਾਨੂੰਨੀ ਹੈ, ਪਰ ਜਦੋਂ ਕੋਈ ਅਡਲਟ ਆਪਣੇ ਦਮ ਉੱਤੇ ਸਿਗਰਟ ਪੀਂਦਾ ਹੈ ਜਾਂ ਦੂਸਰਿਆਂ ਦੇ ਸਾਥ ਵਿੱਚ, ਜਿਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੁੰਦਾ, ਉਥੇ ਸਰਕਾਰ ਨੂੰ ਦਖਲ ਦੇਣ ਦਾ ਕੋਈ ਮਤਲਬ ਨਹੀਂ। ਬਾਲਗਪੁਣੇ ਤੱਕ ਪਹੁੰਚਣ ਪਿੱਛੋਂ ਜੇ ਮੈਂ ਸਿਗਰਟਨੋਸ਼ੀ ਨਾਲ ਹੌਲੀ ਹੌਲੀ ਖੁਦ ਨੂੰ ਜ਼ਹਿਰ ਦੇਣ ਦੀ ਇੱਛਾ ਰੱਖਦਾ ਹਾਂ ਜਾਂ ਮੇਰੇ ਆਸਪਾਸ ਮੇਰੇ ਸਿਗਰਟ ਦੇ ਧੂੰਏਂ ਨੂੰ ਅੰਦਰ ਲੈਣ ਲਈ ਅਜਿਹਾ ਕਰਨਾ ਚਾਹੁੰਦੇ ਨੇ ਤਾਂ ਸਾਨੂੰ ਇਹ ਕਰਨ ਦਾ ਨੈਤਿਕ ਅਧਿਕਾਰ ਹੈ। ਸਰਕਾਰਾਂ ਕਿੰਨੀ ਦੂਰ ਤੱਕ ਸਾਨੂੰ ਬੇਲੋੜੀਆਂ ਆਦਤਾਂ ਤੋਂ ਬਚਾ ਸਕਦੀਆਂ ਹਨ। ਇਸ ਦੀ ਵੀ ਇੱਕ ਹੱਦ ਹੈ।

ਯਾਦ ਰੱਖੋ ਕਿ ਹਰ ਵਾਰ ਸਿਆਸੀ ਆਗੂ ਏਦਾਂ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਕਿ ਉਹ ਸਾਡੀ ਸ਼ਖਸੀਅਤ ਨੂੰ ਘੱਟ ਕਰ ਸਕਣ। ਅਸਲ ਵਿੱਚ ਉਹ ਸਾਨੂੰ ਪ੍ਰਭਾਵਤ ਕਰਦੇ ਹਨ। ਸਰਕਾਰਾਂ ਬਿਹਤਰ ਜਾਣਦੀਆਂ ਹਨ ਕਿ ਉਹ ਸਿਰਫ ਇਨਕਾਰ ਨਹੀਂ, ਪਾਖੰਡ ਵੀ ਹੈ ਅਤੇ ਝੂਠ ਵੀ। ਮਿਸਾਲ ਲਈ ਬੀੜੀਆਂ ਉੱਤੇ ਸਿਗਰਟ ਨਾਲੋਂ ਵੱਖਰੇ ਤਰੀਕੇ ਨਾਲ ਟੈਕਸ ਇਸ ਲਈ ਲਾਇਆ ਜਾਂਦਾ ਹੈ ਕਿ ਉਹ ਜ਼ਿਆਦਾਤਰ ਗਰੀਬ ਭਾਰਤ ਲੋਕ ਪੀਂਦੇ ਹਨ, ਪਰ ਸਵਰਗੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਜੁਲਾਈ 2014 ਦੇ ਆਪਣੇ ਪਹਿਲੇ ਬਜਟ ਵਿੱਚ ਇਸ ਗੜਬੜੀ ਨੂੰ ਦੇਖਿਆ, ਜਦੋਂ ਸਿਗਰਟ ਦੀ ਐਕਸਾਈਜ਼ ਡਿਊਟੀ ਨੂੰ ਛੇ ਗੁਣਾ ਤੋਂ ਵਧਾ ਕੇ 72 ਫੀਸਦੀ ਕਰ ਦਿੱਤਾ ਤਾਂ ਬੀੜੀ ਨੂੰ ਅਛੂਤਾ ਛੱਡ ਦਿੱਤਾ ਗਿਆ। ਜੇ ਸਿਗਰਟ ਕਿਸੇ ਦੀ ਸਿਹਤ ਲਈ ਖਰਾਬ ਹੈ ਤਾਂ ਇਹ ਉਨ੍ਹਾਂ ਦੀ ਉਤਪਾਦ ਫੀਸ ਨੂੰ ਜ਼ਬਤ ਕਰਨ ਦੀ ਤੁਕ ਸਾਬਤ ਕਰਦਾ ਹੈ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਪਾਬੰਦੀ ਸ਼ੁਦਾ ਕਿਉਂ ਨਹੀਂ ਕੀਤਾ ਜਾਂਦਾ, ਇਹ ਇੱਕ ਤਰਕਸੰਗਤ ਗੱਲ ਹੋਵੇਗੀ, ਪਰ ਜੇਤਲੀ ਨੇ ਏਦਾਂ ਨਹੀਂ ਕੀਤਾ ਕਿਉਂਕਿ ਸਰਕਾਰ ਨੂੰ ਵੱਡੀ ਮਾਤਰਾ ਵਿੱਚ ਟੈਕਸ ਆਮਦਨ ਦਾ ਨੁਕਸਾਨ ਹੋਵੇਗਾ।

ਦੂਜੇ ਪਾਸੇ ਅੱਠ ਗੁਣਾ ਵੱਧ ਲੋਕ ਬੀੜੀ ਪੀਂਦੇ ਹਨ। ਜੇ ਤੁਸੀਂ ਉਨ੍ਹਾਂ ਉੱਤੇ ਉਤਪਾਦ ਫੀਸ ਨਹੀਂ ਵਧਾਈ ਤਾਂ ਤੁਸੀਂ ਕੀ ਇਹ ਨਹੀਂ ਕਹਿੰਦੇ ਕਿ ਤੁਸੀਂ ਬੀੜੀ ਪੀਣ ਵਾਲਿਆਂ ਦੀ ਸਿਹਤ ਦੀ ਪ੍ਰਵਾਹ ਨਹੀਂ ਕਰਦੇ। ਜੇ ਉਹ ਗਰੀਬ ਹੈ ਤਾਂ ਲੱਗਦਾ ਹੈ ਕਿ ਸਰਕਾਰ ਘੱਟ ਚਿੰਤਤ ਹੈ, ਜੇ ਉਹ ਮਰਨ ਲਈ ਸਿਗਰਟਨੋਸ਼ੀ ਕਰਦੇ ਹਨ। ਸਿਗਰਟ ਪੀਣ ਦੇ ਨਿਯਮਾਂ ਦੇ ਨਾਲ ਸਰਕਾਰ ਦੀ ਛੇੜਛਾੜ ਦੂਸਰੀ ਸਮੱਸਿਆ ਵੱਲ ਇਸ਼ਾਰਾ ਕਰਦੀ ਹੈ। ਤੁਹਾਨੂੰ ਅਕਸਰ ਪਤਾ ਲੱਗਦਾ ਹੈ ਕਿ ਇਸ ਦੇ ਗਲਤ ਢੰਗ ਨਾਲ ਕੀਤੇ ਨੈਤਿਕ ਸਰੋਕਾਰ ਨੂੰ ਸਰਕਾਰੀ ਖਜ਼ਾਨੇ ਦੇ ਮਾਲੀਏ ਦੀ ਰੱਖਿਆ ਲਈ ਇੱਕ ਲੁਕੇ ਹੋਏ ਦਵੰਦ ਨਾਲ ਮਿਟਾ ਦਿੱਤਾ ਗਿਆ ਹੈ। ਅਰੁਣ ਜੇਤਲੀ ਦਾ ਪਹਿਲਾ ਬਜਟ ਇੱਕ ਆਦਰਸ਼ ਚਿਤਰਨ ਸੀ। ਸਾਨੂੰ ਖੁਦ ਤੋਂ ਬਚਾਉਣ ਲਈ ਸਰਕਾਰ ਦਾ ਦ੍ਰਿੜ ਸੰਕਲਪ ਤਦ ਰੁਕ ਜਾਂਦਾ ਹੈ, ਜਦ ਅਜਿਹਾ ਕਰਨਾ ਬਹੁਤ ਮਹਿੰਗਾ ਹੋ ਜਾਂਦਾ ਹੈ।

ਮੈਂ ਇਹ ਨਹੀਂ ਕਹਿ ਰਿਹਾ ਕਿ ਹੋਰ ਸਰਕਾਰਾਂ ਗਲਤ ਹਨ ਜਾਂ ਠੀਕ ਹਨ, ਪਰ ਇੱਕ ਭਾਰਤੀ ਨਾਗਰਿਕ ਵਜੋਂ ਮੈਨੂੰ ਇਹ ਅਧਿਕਾਰ ਹੈ ਕਿ ਮੈਂ ਖੁਦ ਨੂੰ ਮੂਰਖਤਾ ਪੂਰਨ ਹੋਣ ਤੋਂ ਰੋਕਾਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਮੰਤਰੀਆਂ ਨੂੰ 18 ਸਾਲ ਦੇ ਬੱਚਿਆਂ ਨੂੰ ਸਿਗਰਟ ਪੀਣ ਤੋਂ ਪਹਿਲਾਂ ਰੋਕਣਾ ਪੈਂਦਾ ਹੈ। 18 ਸਾਲ ਸਵਾਭਿਮਾਨੀ ਉਨ੍ਹਾਂ ਨੂੰ ਅਣਡਿੱਠ ਕਰਨਗੇ। ਅਜਿਹਾ ਕਾਨੂੰਨ ਬਣਾਉਣਾ ਮੂਰਖਤਾ ਪੂਰਨ ਹੈ ਜਿਸ ਨੂੰ ਤੁਸੀਂ ਨਾ ਤਾਂ ਨੈਤਿਕ ਤੌਰ ਉੱਤੇ ਸਹੀ ਠਹਿਰਾ ਸਕਦੇ ਹੋ ਅਤੇ ਨਾ ਹੀ ਭਰੋਸੇਯੋਗ ਤੌਰ ਉੱਤੇ ਲਾਗੂ ਕਰ ਸਕਦੇ ਹੋ।

# ਇੰਟਰਨੈਟ ਉੱਤੇ ਔਰਤਾਂ ਦੀਆਂ ਤਸਵੀਰਾਂ ਦੀ ਹੁੰਦੀ ਹੈ ਦੁਰਵਰਤੋਂ

-ਰੰਜਨਾ ਮਿਸ਼ਰਾ

ਅੱਜਕੱਲ੍ਹ ਲੋਕਾਂ ਦਾ ਜ਼ਿਆਦਾ ਸਮਾਂ ਇੰਟਰਨੈਟ 'ਤੇ ਬੀਤਦਾ ਹੈ। ਅਜਿਹਾ ਲੱਗਦਾ ਹੈ ਜਿਵੇਂ ਇੰਟਰਨੈਟ ਇੱਕ ਵੱਖਰੀ ਦੁਨੀਆ ਹੋਵੇ ਅਤੇ ਲੋਕ ਉਸੇ 'ਚ ਗੁਆਚੇ ਰਹਿੰਦੇ ਹਨ, ਪਰ ਸਾਈਬਰ ਕ੍ਰਾਈਮ ਵੀ ਇੰਨਾ ਜ਼ਿਆਦਾ ਵਧਦਾ ਜਾਂਦਾ ਹੈ ਕਿ ਇਹ ਸਾਡੇ ਸਾਰਿਆਂ ਦੀ ਜ਼ਿੰਦਗੀ ਲਈ ਬਹੁਤ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਇੰਟਰਨੈਟ 'ਤੇ ਸਾਰੇ ਆਪਣੀਆਂ-ਆਪਣੀਆਂ ਤਸਵੀਰਾਂ ਪਾਉਂਦੇ ਹਨ। ਔਰਤਾਂ ਮਰਦਾਂ ਦੇ ਮੁਕਾ-ਬਲੇ ਕੁਝ ਜ਼ਿਆਦਾ ਤਸਵੀਰਾਂ ਪੋਸਟ ਕਰਦੀਆਂ ਹਨ। ਇਹ ਤਸਵੀਰਾਂ ਵ੍ਹਟਸਐਪ, ਫੇਸਬੁੱਕ, ਇੰਸਟਾਗ੍ਰਾਮ ਅਤੇ ਸਨੈਪਚਾਰਟ 'ਤੇ ਪੋਸਟ ਕੀਤੀਆਂ ਜਾਂਦੀਆਂ ਹਨ, ਪਰ ਸਾਈਬਰ ਅਪਰਾਧੀ ਇਨ੍ਹਾਂ ਤਸਵੀਰਾਂ ਦਾ ਮਿਸ-ਯੂਜ਼ ਕਰ ਸਕਦੇ ਹਨ। ਇਨ੍ਹਾਂ ਤਸਵੀਰਾਂ ਨੂੰ ਬੜੀ ਆਸਾਨੀ ਨਾਲ ਡੀਪਫੇਕ ਨਾਂ ਦੀ ਟੈਕਨਾਲੌਜੀ ਦੀ ਮਦਦ ਨਾਲ ਅਸ਼ਲੀਲ ਤਸਵੀਰਾਂ 'ਚ ਬਦਲਿਆਂ ਜਾ ਸਕਦਾ ਹੈ। ਇੰਟਰਨੈਟ 'ਤੇ ਮੌਜੂਦ ਫੇਕ ਅਕਾਊਂਟ ਦਾ ਪਤਾ ਲਾਉਣ ਵਾਲੀ ਇੱਕ ਕੰਪਨੀ, ਜਿਸ ਦਾ ਨਾਂ ਸੇਸਿਟੀ ਹੈ, ਨੇ ਪਤਾ ਲਾਇਆ ਹੈ ਕਿ ਸੋਸ਼ਲ ਮੀਡੀਆ 'ਤੇ ਪਾਈਆਂ ਗਈਆਂ ਇੱਕ ਲੱਖ ਔਰਤਾਂ ਦੀਆਂ ਤਸਵੀਰਾਂ ਨੂੰ ਅਸ਼ਲੀਲ ਤਸਵੀਰਾਂ 'ਚ ਬਦਲ ਦਿੱਤਾ ਗਿਆ ਹੈ। ਇਸ ਕੰਪਨੀ ਦੇ ਅਨੁਸਾਰ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਕੇ ਇਨ੍ਹਾਂ ਇੱਕ ਲੱਖ ਔਰਤਾਂ ਦੀਆਂ ਤਸਵੀਰਾਂ ਨੂੰ ਡੀਪਫੇਕ ਬਾਟ ਦੀ ਮਦਦ ਨਾਲ ਅਸ਼ਲੀਲ ਤਸਵੀਰਾਂ 'ਚ ਬਦਲ ਦਿੱਤਾ ਗਿਆ।

ਡੀਪਫੇਕ ਦਾ ਮਤਲਬ ਹੁੰਦਾ ਹੈ ਅਸਲੀ ਤਸਵੀਰਾਂ ਨਾਲ ਛੇੜਛਾੜ ਕਰ ਕੇ ਉਨ੍ਹਾਂ ਨੂੰ ਕਿਸੇ ਖਾਸ ਮਕਸਦ ਲਈ ਫੇਕ ਤਸਵੀਰਾਂ 'ਚ ਬਦਲ ਦੇਣਾ, ਪਰ ਇਹ ਸਭ ਇੰਨੀ ਸਫਾਈ ਨਾਲ ਕੀਤਾ ਜਾਂਦਾ ਹੈ ਕਿ ਅਸਲੀ ਅਤੇ ਨਕਲੀ ਤਸਵੀਰਾਂ ਅਤੇ ਵੀਡੀਓਜ਼ 'ਚ ਫਰਕ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ। ਡੀਪਫੇਕ ਅਸਲ 'ਚ ਫੇਕ ਤੋਂ ਵੀ ਅੱਗੇ ਦੀ ਸਟੇਜ ਹੈ। ਬਾਟ ਦਾ ਮਤਲਬ ਹੈ ਇੱਕ ਅਜਿਹਾ ਰੋਬੋਟ, ਜੋ ਮੈਸੇਜਿੰਗ ਐਪ 'ਤੇ ਇਨਸਾਨੀ ਗੱਲਬਾਤ ਦੀ ਨਕਲ ਕਰ ਸਕਦਾ ਹੈ। ਜਾਂਚ ਕਰਨ ਵਾਲੀ ਇਸ ਕੰਪਨੀ ਦੀ ਰਿਪੋਰਟ ਅਨੁਸਾਰ ਇਹ ਬਾਟ ਮਸ਼ਹੂਰ ਸੋਸ਼ਲ ਮੀਡੀਆ ਮੈਸੇਜਿੰਗ ਐਪ ਟੈਲੀਗ੍ਰਾਮ ਦੇ ਇੱਕ ਚੈਨਲ 'ਤੇ ਮੌਜੂਦ ਹੈ। ਯੂਜ਼ਰਜ਼ ਇਸ ਤੋਂ ਔਰਤਾਂ ਦੀਆਂ ਤਸਵੀਰਾਂ ਭੇਜ ਰਹੇ ਸਨ ਅਤੇ ਇਹ ਬਾਟ ਉਨ੍ਹਾਂ ਤਸਵੀਰਾਂ ਨੂੰ ਅਸ਼ਲੀਲ ਤਸਵੀਰਾਂ 'ਚ ਬਦਲ ਰਿਹਾ ਸੀ। ਜਿਸ ਟੈਲੀਗ੍ਰਾਮ ਨੂੰ ਅਜੇ ਤੱਕ ਵ੍ਹਟਸਐਪ ਤੋਂ ਵੱਧ ਸੁਰੱਖਿਅਤ ਮੰਨਿਆ ਜਾਂਦਾ ਸੀ, ਉਸੇ ਸੁਰੱਖਿਅਤ ਐਪ 'ਤੇ ਔਰਤਾਂ ਦੇ ਮਾਣ-ਸਨਮਾਨ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਇੰਟਰਨੈਟ ਦੀ ਦੁਨੀਆ 'ਚ ਅਜਿਹੇ ਪਤਾ ਨਹੀਂ ਕਿੰਨੇ ਡੀਪਫੇਕ ਬਾਟਸ ਮੌਜੂਦ ਹੋਣਗੇ ਜਿਨ੍ਹਾਂ ਨਾਲ ਪੂਰੀ ਦੁਨੀਆ ਦੀਆਂ ਕਰੋੜਾਂ ਔਰਤਾਂ ਦੇ ਮਾਣ-ਸਨਮਾਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹੋਣਗੀਆਂ। ਅਜੇ ਤਾਂ ਇੱਕ ਹੀ ਬਾਟ ਦਾ ਖੁਲਾਸਾ ਹੋਇਆ ਹੈ।

ਇੱਕ ਲੱਖ ਔਰਤਾਂ ਦੀਆਂ ਜਿਨ੍ਹਾਂ ਤਸਵੀਰਾਂ ਨੂੰ ਅਸ਼ਲੀਲ ਤਸਵੀਰਾਂ 'ਚ ਬਦਲਿਆ ਗਿਆ, ਉਨ੍ਹਾਂ ਨੂੰ ਇੰਟਰਨੈਟ ਤੋਂ ਹਟਾਉਣਾ ਵੀ ਮੁਮਕਿਨ ਨਹੀਂ। ਜੇ ਇੰਟਰਨੈਟ 'ਤੇ ਕਿਸੇ ਨਾਲ ਜੁੜਿਆ ਕੋਈ ਇਤਰਾਜ਼ਯੋਗ ਕੰਟੈਂਟ ਇੱਕ ਵਾਰ ਅਪਲੋਡ ਹੋ ਜਾਵੇ ਤਾਂ ਉਸ ਨੂੰ ਪੂਰੀ ਤਰ੍ਹਾਂ ਹਟਾਉਣਾ ਲੱਗਭਗ ਅਸੰਭਵ ਹੈ। ਵੱਧ ਤੋਂ ਵੱਧ ਭਾਰਤ ਦੇ ਆਈ ਟੀ ਐਕਟ ਹੇਠ ਇੱਕ ਨੋਟਿਸ ਨਾਲ ਇਸ ਇਤਰਾਜ਼ਯੋਗ ਕੰਟੈਂਟ ਹਟਾਉਣ ਲਈ ਸਰਕਾਰ ਤੋਂ ਹੁਕਮ ਲਿਆ ਜਾ ਸਕਦਾ ਹੈ। ਜੋ ਵੈਬਸਾਈਟਸ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਕਾਨੂੰਨਾਂ ਦੀ ਪਾਲਣਾ ਕਰਦੇ ਹਨ, ਉਹ ਇੱਕ ਹੱਦ ਤੱਕ ਇਸ ਇਤਰਾਜ਼ਯੋਗ ਕੰਟੈਂਟ ਨੂੰ ਹਟਾ ਸਕਦੇ ਹਨ ਪਰ ਇੰਟਰਨੈਟ 'ਤੇ ਅਜਿਹੀਆਂ ਲੱਖਾਂ ਕਰੋੜਾਂ ਵੈਬਸਾਈਟਸ ਹਨ ਜਿਨ੍ਹਾਂ ਤੋਂ ਇਸ ਕੰਟੈਂਟ ਨੂੰ ਹਟਾਉਣਾ ਸੰਭਵ ਨਹੀਂ ਹੈ ਅਤੇ ਕਾਨੂੰਨ ਤੇ ਪੁਲਸ ਇਨ੍ਹਾਂ ਲੱਖਾਂ ਕਰੋੜਾਂ ਵੈਬਸਾਈਟਸ 'ਤੇ ਰੋਕ ਲਗਾਉਣ 'ਚ ਅਸਮਰੱਥ ਹੈ।

ਸੋਸ਼ਲ ਮੀਡੀਆ ਦੀਆਂ ਜਿਨ੍ਹਾਂ ਤਸਵੀਰਾਂ ਨਾਲ ਆਸਾਨੀ ਨਾਲ ਛੇੜਛਾੜ ਹੋ ਸਕਦੀ ਹੈ, ਉਨ੍ਹਾਂ 'ਚੋਂ ਜ਼ਿਆਦਾਤਰ ਸੈਲਫੀਜ਼ ਹੁੰਦੀਆਂ ਹਨ। ਸੈਲਫੀਜ਼ 'ਚ ਚਿਹਰਾ ਸਾਫ-ਸਾਫ ਦਿਖਾਈ ਦਿੰਦਾ ਹੈ ਅਤੇ ਆਮ ਤੌਰ 'ਤੇ ਇਸ ਦੇ ਰੈਜ਼ਲਿਊਸ਼ਨ ਦੀ ਕੁਆਲਿਟੀ ਬਿਹਤਰ ਹੁੰਦੀ ਹੈ, ਇਸ ਲਈ ਸੈਲਫੀ ਨਾਲ ਲਏ ਕਿਸੇ ਔਰਤ ਦੇ ਚਿਹਰੇ ਨੂੰ ਕਿਸੇ ਅਸ਼ਲੀਲ ਤਸਵੀਰ ਨਾਲ ਜੋੜਨਾ ਕਾਫੀ ਸੌਖਾ ਹੁੰਦਾ ਹੈ। ਇਸ ਲਈ ਸਾਈਬਰ ਅਪਰਾਧੀ ਜ਼ਿਆਦਾਤਰ ਸੈਲਫੀ ਦਾ ਮਿਸ-ਯੂਜ਼ ਕਰਦੇ ਹਨ। ਵੱਖ-ਵੱਖ ਐਂਗਲ ਤੋਂ ਲਈ ਸੈਲਫੀ ਨਾਲ ਚਿਹਰੇ ਨੂੰ ਵੱਖ-ਵੱਖ ਐਂਗਲ ਡੀਪਫੇਕ ਤਿਆਰ ਕਰਨ ਵਾਲੇ ਆਰਟੀਫੀਸ਼ਲ ਇੰਟੈਲੀਜੈਂਸ ਦਾ ਕੰਮ ਬਹੁਤ ਆਸਾਨ ਕਰ ਦਿੰਦੇ ਹਨ ਅਤੇ ਇਨ੍ਹਾਂ ਨਾਲ ਅਜਿਹੇ ਵੀਡੀਓਜ਼ ਤਿਆਰ ਕੀਤੇ ਜਾ ਸਕਦੇ ਹਨ ਜਿਨ੍ਹਾਂ ਨੂੰ ਨਕਲੀ ਮੰਨਣਾ ਲੱਗਭਗ ਨਾਮੁਮਕਿਨ ਹੁੰਦਾ ਹੈ ਕਿਉਂਕਿ ਇਸ 'ਚ ਚਿਹਰੇ ਦੇ ਸਾਰੇ ਭਾਵ, ਸਾਰੇ ਐਂਗਲ ਮੌਜੂਦ ਹਨ। ਇਸ ਲਈ ਸੈਲਫੀ ਦੀ ਜਗ੍ਹਾ ਦੂਰੋਂ ਖਿੱਚੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਪਾਉਣਾ ਜ਼ਿਆਦਾ ਸੁਰੱਖਿਅਤ ਰਹਿੰਦਾ ਹੈ। ਜਿਨ੍ਹਾਂ ਤਸਵੀਰਾਂ 'ਚ ਪੂਰਾ ਸਰੀਰ ਦਿਖਾਈ ਦਿੰਦਾ ਹੈ, ਉਨ੍ਹਾਂ 'ਚ ਚਿਹਰੇ ਨੂੰ ਵੱਖ ਕਰਨਾ ਆਸਾਨ ਨਹੀਂ ਹੁੰਦਾ ਅਤੇ ਇਨ੍ਹਾਂ ਨਾਲ ਆਸਾਨੀ ਨਾਲ ਛੇੜਛਾੜ ਕਰਨੀ ਸੰਭਵ ਨਹੀਂ ਹੈ।

ਡੀਪਫੇਕ ਰਾਹੀਂ ਸਿਰਫ ਔਰਤਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ ਸਗੋਂ ਇਸ ਦਾ ਸ਼ਿਕਾਰ ਵੱਡੇ-ਵੱਡੇ ਨੇਤਾ, ਸੈਲੀਬ੍ਰਿਟੀਜ਼ ਅਤੇ ਆਮ ਇਨਸਾਨ ਵੀ ਹੁੰਦੇ ਹਨ। ਡੀਪਫੇਕ ਇੰਟਰਨੈਟ ਦੀ ਦੁਨੀਆ ਦਾ ਸਭਤੋਂ ਖਤਰਨਾਕ ਹਥਿਆਰ ਬਣ ਚੁੱਕਾ ਹੈ ਅਤੇ ਇਸ ਦੀ ਮਦਦ ਨਾਲ ਕਿਸੇ ਦਾ ਵੀ ਇਤਰਾਜ਼ਯੋਗ ਵੀਡੀਓ ਬਣਾ ਕੇ ਉਸਦੀ ਜ਼ਿੰਦਗੀ ਨੂੰ ਬਰਬਾਦ ਕੀਤਾ ਜਾ ਸਕਦਾ ਹੈ।

# ਸੋਨੇ ਦੇ ਬਟਨ

-ਬਲਜੀਤ ਪਰਮਾਰ

ਮੇਰੇ ਪਿਓ ਦਾ ਬਚਪਨ ਅਜੇ ਸ਼ੁਰੂ ਵੀ ਨਹੀਂ ਹੋਇਆ ਸੀ, ਜਦੋਂ ਉਹਦੀ ਮਾਂ ਅਚਾਨਕ ਪੂਰੀ ਹੋ ਗਈ। ਨਿਆਣੇ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਪਿਤਾ ਉਤੇ ਆ ਪਈ। ਘਰ ਵਿੱਚ ਹੋਰ ਕੋਈ ਤੀਵੀਂ ਨਹੀਂ ਸੀ। ਪੌਣੇ ਕੁ ਦੋ ਏਕੜ ਜ਼ਮੀਨ ਅਤੇ ਖੇਤੀ ਇਕੱਲੇ ਨੇ ਕਰਨੀ। ਮੱਝਾਂ-ਬਲਦਾਂ ਦਾ ਖਿਆਲ ਵੀ ਰੱਖਣਾ ਤੇ ਘਰ ਘਾਟ ਦਾ ਵੀ। ਉਤੋਂ ਕੁੱਛੜ ਲਮਕੀ ਸੋਹਲ ਜਿਹੀ ਜਿੰਦ। ਆਂਢ-ਗੁਆਂਢ ਅਤੇ ਰਿਸ਼ਤੇਦਾਰਾਂ ਨੂੰ ਤਰਸ ਤਾਂ ਆਉਂਦਾ, ਪਰ ਕਰਦੇ ਕੀ।

ਸਿਆਣਿਆਂ ਨੇ ਕਹਿ-ਕਹਾ ਕੇ, ਸਮਝਾ-ਬੁਝਾ ਕੇ ਦੂਜਾ ਵਿਆਹ ਕਰਵਾ ਦਿੱਤਾ। ਜਿਹੜੀ ਆਈ, ਉਹ ਰੱਬ ਦਾ ਰੂਪ ਬਣ ਕੇ ਆਈ ਸੀ। ਮੁੰਡੇ ਦਾ ਨਾਂਅ ਸ਼ੇਰ ਰੱਖਿਆ ਤੇ ਸ਼ੇਰ ਵਾਂਗ ਪਾਲਿਆ। ਸਕੂਲੇ ਪਾਇਆ। ਦੁੱਧ ਪਿਆਉਣਾ, ਘਿਓ ਖਵਾਉਣਾ। ਕਬੱਡੀ ਖੇਡਣ ਲਾਇਆ। ਉਸੇ ਦੌਰਾਨ ਉਹਦਾ ਆਪਣਾ ਵੀ ਇੱਕ ਪੁੱਤ ਜੰਮਿਆ, ਪਰ ਬਹੁਤਾ ਖਿਆਲ ਉਹ ਵੱਡੇ ਦਾ ਰੱਖਦੀ। ਸਾਲ ਬੀਤਦੇ ਗਏ। ਸ਼ੇਰ ਨੇ ਦਸਵੀਂ ਕਰ ਲਈ। ਉਹ ਅੱਗੇ ਪੜ੍ਹਨਾ ਚਾਹੁੰਦਾ ਸੀ। ਬੇਬੇ ਨੇ ਆਪਣਾ ਪੁੱਤ ਸਕੂਲੋਂ ਹਟਾ ਲਿਆ। ਟੂੰਬ-ਟੰਬਾ ਵੇਚ ਕੇ ਸ਼ੇਰ ਨੂੰ ਲਾਹੌਰ ਭੇਜਿਆ। ਹੋਸਟਲ ਵਿੱਚ ਰਹਿ ਕੇ ਉਸ ਨੇ ਐਫ ਏ ਪਾਸ ਕਰ ਲਈ। ਬੱਸ ਫਿਰ ਕੀ ਸੀ, ਸਰਕਾਰੀ ਨੌਕਰੀ ਮਿਲ ਗਈ। ਵਿਆਹ ਹੋ ਗਿਆ ਤੇ ਸਰਕਾਰੀ ਮਕਾਨ ਵੀ ਮਿਲ ਗਿਆ।

***

ਅਸੀਂ ਗਰਮੀਆਂ ਦੀਆਂ ਛੁੱਟੀਆਂ ਪਿੰਡ ਜਾਣਾ। ਬੇਬੇ ਨੇ ਰੱਜ ਕੇ ਤਿਉ ਕਰਨਾ। ਅੱਗੇ ਪਿੱਛੇ ਫਿਰਦੀ ਨਾ ਥੱਕਦੀ। ਬੇਬੇ ਨੂੰ ਬੰਦਿਆਂ ਵਰਗੀ ਕਮੀਜ਼ ਪਾਉਣ ਦਾ ਸ਼ੌਕ ਸੀ। ਖਾਕੀ ਰੰਗ ਉਹਨੂੰ ਬਹੁਤ ਜਚਦਾ ਸੀ, ਗੋਰੀ ਜੋ ਬਹੁਤ ਸੀ। ਇੱਕ ਵਾਰੀ ਮੇਰੀ ਨਿਗਾਹ ਉਹਦੀ ਕਮੀਜ਼ ਦੇ ਬਟਨਾਂ ਉਤੇ ਪਈ। ਪੀਲੇ ਰੰਗ ਦੇ ਲਿਸ਼ਕਦੇ ਬਟਨ।

''ਬੇਬੇ ਇਹ ਸੋਨੇ ਦੇ ਆ?'' ਮੈਂ ਪੁੱਛਿਆ।

ਮੇਰਾ ਮੂੰਹ ਚੁੰਮ ਕੇ ਬੇਬੇ ਬੋਲੀ, ''ਪੁੱਤ ਜੇ ਸੋਨੇ ਦੇ ਹੁੰਦੇ ਤਾਂ ਕਦੋਂ ਦੇ ਤੇਰੇ ਝੱਗੇ ਦੇ ਕਾਜਾਂ ਵਿੱਚ ਜੜੇ ਹੁੰਦੇ। ਇਹ ਤਾਂ ਪਿੱਤਲ ਦੇ ਨੇ।''

''ਜੇ ਮੈਂ ਸੋਨੇ ਦੇ ਗਹਿਣੇ ਪਾਉਣ ਲੱਗ ਜਾਂਦੀ ਤਾਂ ਤੇਰਾ ਪਿਓ ਕਿਵੇਂ ਪੜ੍ਹਦਾ? ਪੜ੍ਹਿਆ ਲਿਖਿਆ ਜਣਾ ਸੋਨੇ ਤੋਂ ਵੱਧ ਹੁੰਦੈ ਪੁੱਤ। ਹੁਣ ਤੂੰ ਵੀ ਢੇਰ ਸਾਰਾ ਪੜ੍ਹੀਂ।''

ਸਮਾਂ ਲੰਘਦਾ ਗਿਆ। ਵਿਆਹ ਕਰਾਵ ਕੇ ਮੈਂ ਬੰਬੇ ਪੁੱਜ ਗਿਆ। ਜਦੋਂ ਪਿੰਡ ਜਾਣਾ ਤਾਂ ਬੇਬੇ ਦੇ ਪਿੱਤਲ ਦੇ ਬਟਨ ਵੇਖਣੇ। ਹਮੇਸ਼ਾ ਇਹੀ ਸੋਚਣਾ ਕਿ ਜਦੋਂ ਹੱਥ ਰਤਾ ਕੁ ਸੌਖਾ ਹੋਇਆ ਤਾਂ ਬੇਬੇ ਨੂੰ ਸੋਨੇ ਦੇ ਬਟਨ ਬਣਾ ਕੇ ਦੇਊਂਗਾ। ਫਿਰ ਯਾਦ ਆਉਣਾ ਕਿ ਪਹਿਲਾਂ ਨਿਆਣੇ ਪੜ੍ਹਾ-ਲਿਖਾ ਲਈਏ, ਜਿੰਨਾ ਉਹ ਪੜ੍ਹਨਾ ਚਾਹੁੰਦੇ ਸਨ, ਸਾਰੇ ਮਾਮਲਿਆਂ ਵਿੱਚ ਸਭ ਕੀਤਾ। ਖਾਣ ਕਮਾਉਣ ਲੱਗ ਗਏ। ਚਾਰ ਪੈਸੇ ਬਚਾ ਵੀ ਲਏ। ਬੇਬੇ ਲਈ ਸੋਨੇ ਦੇ ਬਟਨ ਵੀ ਬਣਾ ਲਏ। ਦਫਤਰੋਂ ਛੁੱਟੀ ਦੀ ਅਰਜ਼ੀ ਵੀ ਦੇ ਦਿੱਤੀ। ਪਿੰਡ ਜਾਣ ਦੀ ਤਿਆਰੀ ਕੀਤੀ। ਗੱਡੀ ਫੜਨ ਤੋਂ ਦੋ ਦਿਨ ਪਹਿਲਾਂ ਪਿੰਡੋਂ ਚਾਚੇ ਦਾ ਫੋਨ ਆ ਗਿਆ। ਬੇਬੇ ਰੱਬ ਨੂੰ ਪਿਆਰੀ ਹੋ ਗਈ।

ਸਿੱਖਿਆ ਦਾ ਜਿਹੜਾ ਸੋਨਾ ਸਾਨੂੰ ਦੇ ਗਈ, ਉਹ ਕਮੀਜ਼ ਦੇ ਨਿੱਕੇ-ਨਿੱਕੇ ਬਟਨਾਂ ਤੋਂ ਬਹੁਤ ਕੀਮਤੀ ਹੈ।

ਮੈਂ ਉਸ ਦਿਨ ਤੋਂ ਬਾਅਦ ਕਦੇ ਸੋਨਾ ਨਹੀਂ ਖਰੀਦਿਆ। ਕਿਤਾਬਾਂ ਖਰੀਦੀਆਂ ਤੇ ਵੰਡੀਆਂ।

# ਮਸੀਹਾ

-ਕਮਲਜੀਤ ਸਿੰਘ ਬਨਵੈਤ

ਜਦੋਂ ਅਸੀਂ ਛੋਟੇ ਹੁੰਦੇ ਸਾਂ, ਪੁਲਸ ਨੇ ਕਦੇ ਪਿੰਡ ਗੇੜਾ ਮਾਰਨਾ ਹੁੰਦਾ ਤਾਂ ਸਾਈਕਲ ਦੀ ਸਵਾਰੀ ਕਰਨੀ ਪੈਂਦੀ ਸੀ। ਰਾਹ-ਵਾਟੇ ਜਾਂਦਿਆਂ ਸਾਈਕਲ ਵਿੱਚ ਡੰਡਾ ਫਸਾ ਪੁਲਸ ਮੁਲਾਜ਼ਮਾਂ ਨੂੰ ਘੁੰਮਦੇ ਕਈ ਵਾਰ ਦੇਖਿਆ ਸੀ। ਉਦੋਂ ਮੋਬਾਈਲ ਫੋਨ ਤਾਂ ਇੱਕ ਪਾਸੇ ਰਹੇ, ਪਿੰਡਾਂ ਵਿੱਚ ਲੈਂਡਲਾਈਨ ਵੀ ਨਹੀਂ ਸੀ ਹੁੰਦੇ। ਪੁਲਸ ਨੂੰ ਸ਼ਿਕਾਇਤ ਦੇਣ ਲਈ ਪਿੰਡਾਂ ਦੇ ਲੋਕਾਂ ਨੂੰ ਦੂਰ-ਦੁਰਾਡੇ ਸ਼ਹਿਰ ਜਾਣਾ ਪੈਂਦਾ ਸੀ, ਉਹ ਵੀ ਤੁਰ ਕੇ ਜਾਂ ਸਾਈਕਲ ਉਤੇ। ਫਿਰ ਅਗਲੇ ਦਿਨ ਜਾ ਕੇ ਕਿਤੇ ਪੁਲਸ ਵਾਲਾ ਆਉਂਦਾ। ਮੈਨੂੰ ਯਾਦ ਹੈ ਕਿ ਅਸੀਂ ਪੁਲਸ ਵਾਲਿਆਂ ਤੋਂ ਡਰਦੇ ਘਰਾਂ ਜਾਂ ਵਾੜਿਆਂ ਵਿੱਚ ਜਾ ਲੁਕਦੇ ਸੀ।

ਫਿਰ ਵਕਤ ਬਦਲਿਆ, ਪਿਛਲੀ ਸਦੀ ਦੇ ਪਿਛਲੇ ਸਾਲਾਂ ਦੌਰਾਨ ਕੁਝ ਬਹੁਤ ਜ਼ਿਆਦਾ। ਮੈਂ ਜਿਸ ਪੁਲਸ ਮੁਲਾਜ਼ਮ ਦੀ ਗੱਲ ਕਰਨ ਲੱਗਾ ਹਾਂ, ਉਸ ਨੇ ਪੂਰੀ ਨੌਕਰੀ ਦੌਰਾਨ ਲੋਕਾਂ ਨੂੰ ਰੱਜ ਕੇ ਲੁੱਟਿਆ ਅਤੇ ਕੁੱਟਿਆ ਵੀ। ਲੋਕਾਂ ਦੇ ਸਿਰ ਉਤੇ ਮਹਿਲ ਖੜ੍ਹਾ ਕਰ ਲਿਆ, ਵੱਡੀਆਂ ਕਾਰਾਂ ਵੀ, ਪਰ ਅੱਜਕੱਲ੍ਹ ਮਸੀਹੇ ਵਜੋਂ ਜਾਣਿਆ ਜਾਣ ਲੱਗਾ ਹੈ। ਅਸਲ ਵਿੱਚ ਇੱਕ ਹੀ ਘਟਨਾ ਨੇ ਉਸ ਦੀ ਜ਼ਿੰਦਗੀ ਬਦਲ ਦਿੱਤੀ। ਜਦੋਂ ਤੋਂ ਕੋਰੋਨਾ ਦੀ ਬਿਮਾਰੀ ਸ਼ੁਰੂ ਹੋਈ, ਉਸ ਤੋਂ ਮਹੀਨਾ ਕੁ ਪਹਿਲਾਂ ਹੀ ਉਹ ਸੇਵਾਮੁਕਤ ਹੋਇਆ ਸੀ। ਨੌਕਰੀ ਤੋਂ ਵਿਹਲਾ ਹੋਇਆ ਤਾਂ ਕੋਰੋਨਾ ਨੇ ਘਰ ਅੰਦਰ ਡੱਕ ਦਿੱਤਾ। ਜਦੋਂ ਘਰ ਰਹਿਣਾ ਪਿਆ ਤਾਂ ਉਸ ਨੇ ਦੇਖਿਆ ਕਿ ਮਿੱਤਰ ਸੱਜਣ, ਆਂਢ-ਗੁਆਂਢ ਜਿਹੜੇ ਪਹਿਲਾਂ ਵਰਦੀ ਦੇਖ ਕੇ ਸਲੂਟ ਮਾਰਦੇ ਸਨ, ਫਿਰ ਅੱਖਾਂ ਚੁਰਾਉਣ ਲੱਗ ਪਏ। ਉਹਨੂੰ ਛੇਤੀ ਹੀ ਸਮਝ ਪੈ ਗਈ ਕਿ ਵਰਦੀ ਦੇ ਨਸ਼ੇ ਵਿੱਚ ਜਿਹੜਾ ਉਹ ਬਾਹਾਂ ਫੈਲਾਅ ਕੇ ਤੁਰਦਾ ਰਿਹਾ, ਇਹ ਉਸੇ ਦਾ ਨਤੀਜਾ ਹੈ। ਫਿਰ ਉਹ ਆਪਣੇ ਆਪ ਨੂੰ ਕੋਸਣ ਲੱਗ ਪੈਂਦਾ, ਆਂਢੀ-ਗੁਆਂਢੀ ਦੀ ਸਿਫਾਰਸ਼ ਵਾਲੇ ਲੋਕਾਂ ਨੂੰ ਜੇ ਉਹ ਬਖਸ਼ ਦਿੰਦਾ ਤਾਂ ਕਿਹੜਾ ਮਹਿਲ ਪੈਣ ਤੋਂ ਰਹਿ ਜਾਣੇ ਸਨ।

ਉਹਨੂੰ ਲੱਗਾ ਕਿ ਉਹ ਰਿਟਾਇਰਮੈਂਟ ਤੋਂ ਬਾਅਦ ਘਰ ਵਿੱਚ ਵਧੇਰੇ ਤੰਗ ਤੇ ਨਾਖੁਸ਼ ਰਹਿਣ ਲੱਗਾ ਹੈ। ਉਹਦੇ ਦੋਵੇਂ ਮੁੰਡੇ ਪਹਿਲਾਂ ਹੀ ਉਸ ਨੂੰ ਗੱਲ ਗੱਲ 'ਤੇ ਟੋਕ ਦਿੰਦੇ ਸਨ, ਫਿਰ ਨੌਬਤ ਤਕਰਾਰ ਹੋਣ ਦੀ ਆਉਣ ਲੱਗ ਪਈ ਸੀ। ਉਹਨੂੰ ਲੱਗਣ ਲੱਗਾ ਕਿ ਉਸ ਨੇ ਨੌਕਰੀ ਦੌਰਾਨ ਉਪਰਲੀ ਕਮਾਈ ਨਾਲ ਬੱਚਿਆਂ ਨੂੰ ਬੇਅੰਤ ਸਹੂਲਤਾਂ ਦੇ ਕੇ ਗਲਤੀ ਕੀਤੀ ਹੈ। ਕਦੇ ਕਦੇ ਉਹ ਸੋਚਦਾ, ਅਜਿਹੀ ਕਮਾਈ ਨਾਲ ਪਾਲੇ ਬੱਚੇ ਵਿਗੜਦੇ ਹੀ ਹਨ।

ਫਿਰ ਉਹ ਕੋਰੋਨਾ ਦੌਰਾਨ ਮੁਹੱਲੇ ਦੇ ਗੁਰਦੁਆਰੇ ਵਿੱਚ ਮਰੀਜ਼ਾਂ ਲਈ ਤਿਆਰ ਕੀਤੇ ਜਾਂਦੇ ਲੰਗਰ ਦੀ ਸੇਵਾ ਕਰਨ ਲੱਗ ਪਿਆ। ਇੱਕ ਦਿਨ ਉਹ ਪੰਗਤ ਨੂੰ ਲੰਗਰ ਵਰਤਾ ਰਿਹਾ ਸੀ ਕਿ ਪਿੱਛੋਂ ਖਿੰਡਰੇ ਵਾਲਾਂ ਵਾਲੀ ਬੱਚੀ ਮਲਕ ਜਿਹੇ ਆ ਕੇ ਬੋਲੀ, 'ਅੰਕਲ ਰੋਟੀ ਨਹੀਂ, ਬੁੱਕ ਚਾਹੀਦੀ ਹੈ।' ਉਹਦੇ ਪੈਰ ਥਾਏਂ ਰੁਕ ਗਏ। ਉਹ ਲੰਗਰ ਵਰਤਾਉਣਾ ਵਿੱਚੇ ਛੱਡ ਕੇ ਬੱਚੀ ਨਾਲ ਨੇੜੇ ਪੈਂਦੇ ਬਾਜ਼ਾਰ ਤੋਂ ਉਹਨੂੰ ਕਿਤਾਬਾਂ-ਕਾਪੀਆਂ ਦਿਵਾਉਣ ਚਲਾ ਗਿਆ। ਇਸ ਪਿੱਛੋਂ ਉਹਨੇ ਮਨ ਵਿੱਚ ਧਾਰ ਲਿਆ ਕਿ ਉਹ ਕਿਸੇ ਸੇਵਾ ਲਈ ਨਹੀਂ ਜਾਇਆ ਕਰੇਗਾ, ਲੋੜਵੰਦ ਬੱਚੇ ਲੱਭ ਕੇ ਉਨ੍ਹਾਂ ਕਿਤਾਬਾਂ-ਕਾਪੀਆਂ ਲੈ ਕੇ ਦੇਣ ਦੀ ਸੇਵਾ ਕਰੇਗਾ। ਹੌਲੀ-ਹੌਲੀ ਅਜਿਹੇ ਬੱਚਿਆਂ ਦੀ ਗਿਣਤੀ ਡੇਢ ਸੌ ਤੋਂ ਉਤੇ ਹੋ ਗਈ। ਬੱਚੇ ਉਹਨੂੰ ਅੰਕਲ ਅੰਕਲ ਕਰਦੇ ਨਹੀਂ ਸੀ ਥੱਕਦੇ ਅਤੇ ਉਸ ਨਾਲ ਹੋਰ ਸਮਾਂ ਗੁਜ਼ਾਰਨ ਲਈ ਕਹਿੰਦੇ। ਪਾਰਕ ਵਿੱਚ ਖੇਡਣ ਲਈ ਵੀ ਕਹਿੰਦੇ। ਉਹਦਾ ਵੀ ਬੱਚਿਆਂ ਨਾਲ ਜੀਅ ਲੱਗਣ ਲੱਗ ਪਿਆ। ਉਹ ਘਰ ਨਾਲੋਂ ਪਾਰਕ ਵਿੱਚ ਵੱਧ ਸਮਾਂ ਗੁਜ਼ਾਰਨ ਲੱਗਾ। ਉਹ ਦੇਖਦਾ ਕਿ ਜਿਨ੍ਹਾਂ ਬੱਚਿਆਂ ਲਈ ਉਹਨੇ ਸਿਰਫ ਦੋ-ਚਾਰ ਸੌ ਖਰਚੇ ਹਨ, ਬੋਲਣ ਵੇਲੇ ਉਨ੍ਹਾਂ ਦੇ ਮੂੰਹ ਤੋਂ ਫੁੱਲ ਕਿਰਦੇ ਹਨ ਤੇ ਜਿਹੜੇ ਘਰ ਵਿੱਚ ਬੈਠੇ ਦੋਵਾਂ ਨੂੰ ਰਾਜੇ-ਮਹਾਰਾਜਿਆਂ ਵਰਗੀਆਂ ਸਹੂਲਤਾਂ ਦਿੱਤੀਆਂ, ਉਨ੍ਹਾਂ ਨੂੰ ਬੋਲਣ ਦਾ ਚੱਜ ਤਾਂ ਇੱਕ ਪਾਸੇ ਰਿਹਾ, ਲਾਹ-ਪਾਹ ਕਰਨ ਲੱਗੇ ਵੀ ਮਿੰਟ ਨਹੀਂ ਲਾਉਂਦੇ। ਬੱਚਿਆਂ ਦੀ ਮਾਂ ਵੀ ਅਕਸਰ ਉਨ੍ਹਾਂ ਨਾਲ ਰਲ ਜਾਂਦੀ ਹੈ।

ਉਹਨੇ ਰਹਿੰਦੀ ਜ਼ਿੰਦਗੀ ਸਮਾਜ-ਸੇਵੀ ਸੰਸਥਾ ਬਣਾ ਕੇ ਲੋਕ ਭਲਾਈ ਦੇ ਕੰਮਾਂ ਨੂੰ ਸਮਰਪਿਤ ਕਰਨ ਦਾ ਮਨ ਬਣਾ ਲਿਆ। ਹੌਲੀ ਹੌਲੀ ਉਹਦਾ ਘਰ ਨਾਲੋਂ ਮੋਹ ਟੁੱਟ ਗਿਆ। ਫਿਰ ਉਹਨੇ ਜ਼ੀਰਕਪੁਰ ਵਾਲਾ ਪਲਾਟ ਵੇਚ ਕੇ ਲੋੜਵੰਦ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਚੁੱਕਣ ਅਤੇ ਉਨ੍ਹਾਂ ਦੀਆਂ ਵਰਦੀਆਂ ਦਾ ਜ਼ਿੰਮਾ ਓਟ ਲਿਆ, ਪਰ ਘਰ ਵਿੱਚ ਕਲੇਸ਼ ਵਧ ਗਿਆ। ਉਸ ਨੇ ਜ਼ੱਦੀ ਘਰ ਦੋਵਾਂ ਬੱਚਿਆਂ ਦੇ ਨਾਂਅ ਲਵਾ ਕੇ ਨੌਕਰੀ ਨਾਲ ਬਣਾਏ ਦੋਵੇਂ ਪਲਾਟ ਵੇਚ ਦਿੱਤੇ। ਨੌਕਰੀ ਦੌਰਾਨ ਕਈ ਵਾਰ ਉਹ ਗਰੀਬਾਂ ਤੋਂ ਪੈਸੇ ਕਢਵਾਉਣ ਲਈ ਉਨ੍ਹਾਂ ਦੀ ਕੀਤੀ ਬੇਲੋੜੀ ਕੁੱਟਮਾਰ ਯਾਦ ਕਰ ਕੇ ਤੜਫਦਾ, ਕਈ ਵਾਰ ਰਾਤ ਦੀ ਨੀਂਦ ਖੁੱਲ੍ਹ ਜਾਂਦੀ। ਆਲੇ ਦੁਆਲੇ ਘੋਰ ਉਦਾਸੀ ਫੈਲਦੀ ਜਾਪਦੀ।

ਫਿਰ ਇੱਕ ਦੌਰ ਉਹ ਵੀ ਆਇਆ ਕਿ ਉਹਨੇ ਆਪਣੀ ਪੈਨਸ਼ਨ ਨਾਲ ਸਾਦੀ ਜ਼ਿੰਦਗੀ ਜਿਉਣ ਅਤੇ ਪੀ ਐਫ ਦੇ ਵਿਆਜ ਨਾਲ ਲੋਕ ਭਲਾਈ ਦੇ ਕੰਮ ਕਰਨ ਦਾ ਫੈਸਲਾ ਕਰ ਲਿਆ। ਬੱਚਿਆਂ ਦਾ ਵਤੀਰਾ ਹੋਰ ਬੇਗਾਨਾ ਹੋ ਗਿਆ। ਇੱਕ ਦਿਨ ਉਹ ਵੀ ਆਇਆ ਕਿ ਉਹਨੂੰ ਘਰ ਦੀ ਰੋਟੀ ਸੁਆਦ ਲੱਗਣੋਂ ਹਟ ਗਈ। ਉਹਨੂੰ ਇਸ ਵਿੱਚੋਂ ਬੇਕਸੂਰ ਲੋਕਾਂ ਦੀਆਂ ਜੇਬਾਂ ਵਿੱਚੋਂ ਜਬਰੀ ਕਢਾਏ ਪੈਸੇ ਦੀ ਬਦਬੂ ਆਉਂਦੀ। ਉਂਝ ਉਹਨੂੰ ਇੰਨੀ ਤਸੱਲੀ ਸੀ ਕਿ ਉਹ ਜਮ੍ਹਾਂ ਕੀਤਾ ਗਿਆ ਪੈਸਾ ਲੋੜਵੰਦਾਂ ਲਈ ਖਰਚ ਰਿਹਾ ਹੈ।

ਮਿੰਨੀ ਕਹਾਣੀ

# ਮਿਹਨਤ 'ਤੇ ਡਾਕਾ

- ਸਰਵਣ ਸਿੰਘ ਭੰਗਲਾਂ-

ਘਰ ਦੇ ਗੇਟ ਦੀ ਘੰਟੀ ਜ਼ੋਰ-ਜ਼ੋਰ ਨਾਲ ਵਜਦੀ ਸੁਣ ਕੇ ਵਿਹੜੇ ਵਿੱਚ ਕਣਕ ਸਾਫ ਕਰਦੀ ਬੇਬੇ ਬਚਨੋ ਗੇਟ ਦੇ ਕੁੰਡੇ 'ਚ ਅਖਬਾਰ ਟੰਗਦੇ ਅਖਬਾਰ ਵਾਲੇ ਨੂੰ ਉਚੀ ਆਵਾਜ਼ ਵਿੱਚ ਬੋਲੀ, ''ਵੇ ਭਾਈ ਥੋੜ੍ਹਾ ਸਬਰ ਵੀ ਰੱਖ ਲਿਆ ਕਰੋ, ਵਾਰ-ਵਾਰ ਘੰਟੀ ਵਜਾਈ ਜਾਨੇ ਓ। ਬਾਹਰ ਆਉਣ ਨੂੰ ਵੀ ਟੈਮ ਤਾਂ ਲੱਗ ਹੀ ਜਾਂਦੈ।''

''ਬੇਬੇ ਜੀ, ਅਖਬਾਰ ਦਾ ਬਿੱਲ ਦੇ ਦਿਓ। ਮੈਂ ਪਹਿਲਾਂ ਵੀ ਦੋ ਵਾਰੀ ਮੁੜ ਗਿਆ। ਪਰਸੋਂ ਤੁਸੀਂ ਵਿਹੜੇ 'ਚ ਮੱਝਾਂ ਨੁਹਾਉਂਦੇ ਸੀ ਤੇ ਕੱਲ੍ਹ ਤੁਸੀਂ ਕਹਿੰਦੇ ਸੀ ਕਿ ਅੱਜ ਮੈਂ ਭੋਗ 'ਤੇ ਜਾਣੈ ਰਿਸ਼ਤੇਦਾਰੀ 'ਚ। ਇਸ ਲਈ ਅੱਜ ਤਾਂ ਲਿਆ ਦਿਓ ਅਖਬਾਰ ਦੇ ਪੈਸੇ। ਅਸੀਂ ਵੀ ਅੱਗੇ ਮਾਲਕਾਂ ਨੂੰ ਟਾਈਮ ਸਿਰ ਜਮ੍ਹਾਂ ਕਰਾਉਣੇ ਹੁੰਦੇ ਨੇ'', ਅਖਬਾਰ ਵਾਲੇ ਰਾਜੂ ਨੇ ਵੀ ਘੰਟੇ ਦੇ ਬਟਨ ਤੋਂ ਹੱਥ ਪਰ੍ਹੇ ਕਰਦਿਆਂ ਕਿਹਾ।

''ਵੇ ਭਾਈ, ਅੱਜ ਤੇਰਾ ਕੰਮ ਫਿਰ ਨੀਂ ਬਣਨਾ। ਤੂੰ ਕੱਲ੍ਹ ਲੈ ਜੀਂ। ਅੱਜ ਲਾਣੇਦਾਰ ਆੜ੍ਹਤੀਏ ਤੋਂ ਲਿਆਊਗਾ। ਜੈ ਵੱਢੇ ਕੇਬਲ ਆਲੇ ਨੂੰ ਵੀ ਦੇਣੇ ਆ। ਉਹ ਵੀ ਪਰਸੋਂ ਦਾ ਮਗਰ-ਮਗਰ ਫਿਰਦੈ'', ਬੇਬੇ ਬਚਨ ਕੌਰ ਨੇ ਖਿੱਝਦੀ ਹੋਈ ਨੇ ਅਖਬਾਰਾਂ ਵਾਲੇ ਨੂੰ ਕਿਹਾ ਤੇ ਫਟਾਫਟ ਅੰਦਰ ਚਲੀ ਗਈ।

ਦੁਬਾਰਾ ਗੇਟ ਦੀ ਘੰਟੀ ਵੱਜੀ ਤਾਂ ਬੇਬੇ ਨੇ ਆਪਣੀ ਗਰਦਨ ਘੁਮਾ ਕੇ ਮੁੜ ਕੇ ਗੇਟ ਵੱਲ ਵੇਖਿਆ। ਪੰਜ-ਛੇ ਬਾਬੇ ਚਿੱਟੇ ਚੋਲੇ ਪਾਈ, ਜੀਪ 'ਚੋਂ ਥੱਲੇ ਉਤਰਨ ਸਾਰ ਉਚੀ ਆਵਾਜ਼ ਵਿੱਚ ਬੋਲੇ, ''ਗੁਰੂ ਮਹਾਰਾਜ ਭਲੀ ਕਰੇ। ਘਰ ਨੂੰ ਭਾਗ ਲੱਗੇ ਰਹਿਣ ਬੀਬੀ। ਅੱਜ ਬਾਬੇ ਬੜੀ ਦੂਰੋਂ ਗੁਰੂ ਕੇ ਲੰਗਰ ਵਾਸਤੇ ਕਣਕ ਤੇ ਮਾਇਆ ਦੀ ਭੇਟਾ ਲੈਣ ਆਏ ਨੇ।''

''ਆਓ ਆਓ ਬਾਬਾ ਜੀ, ਧੰਨ ਭਾਗ ਸਾਡੇ। ਆ ਜੋ ਅੰਦਰ ਲੰਘ ਆਓ। ਪਹਿਲਾਂ ਚਾਹ ਪ੍ਰਸ਼ਾਦਾ ਛਕਾਈਏ ਥੋਨੂੰ, ਕਿ ਠੰਢੀ ਲੱਸੀ ਪਿਆਈਏ? ਸੇਵਾ ਤਾਂ ਆਪਾਂ ਹਰੇਕ ਸੰਗਰਾਂਦ ਨੂੰ ਪਿੰਡ ਦੇ ਗੁਰਦੁਆਰੇ ਵਿੱਚ ਵੀ ਦਿੰਨੇ ਆਂ ਤੇ ਥੋਨੂੰ ਵੀ ਕੋਈ ਜਵਾਬ ਨੀਂ। ਮੈਂ ਅੱਜ ਤੱਕ ਦਰਾਂ 'ਚ ਆਇਆ ਕੋਈ ਬੰਦਾ ਕਦੇ ਵੀ ਖਾਲੀ ਨਹੀਂ ਮੋੜਿਆ।'' ਆਪਣੇ ਸੋਹਲੇ ਆਪ ਗਾਉਂਦੀ ਬੇਬੇ ਬਚਨ ਕੌਰ ਨੇ ਝੱਟ ਆਪਣੀ ਚੁੰਨੀ ਦੇ ਲੜ ਵਿੱਚੋਂ ਪੰਜ ਸੌ ਦਾ ਨੋਟ ਕੱਢਿਆ ਤੇ ਬਾਬਿਆਂ ਨੂੰ ਫੜਾ ਦਿੱਤਾ।

ਅਖਬਾਰ ਵਾਲਾ ਰਾਜੂ ਮੋਟੀਆਂ-ਮੋਟੀਆਂ ਗੋਗੜਾਂ ਵਾਲੇ ਬਾਬਿਆਂ ਨੂੰ ਵੇਖ ਕੇ ਸੋਚਣ ਲੱਗਿਆ ਕਿ ''ਆਪਾਂ ਸਾਰਾ ਸਾਲ ਮੀਂਹ ਕਣੀ ਤੇ ਧੁੰਦਾਂ ਵਿੱਚ ਸੈਕਲ ਦੇ ਪੈਡਲ ਮਾਰਦੇ, ਪਸੀਨਾ ਵਹਾਉਂਦੇ ਮਰ ਜਾਂਨੇ ਆਂ ਤੇ ਅਖਬਾਰ ਦਾ ਬਿੱਲ ਵੀ ਗਾਹਕ ਲੇਲ੍ਹੜੀਆਂ ਕਢਵਾ ਕੇ ਦਿੰਦੇ ਨੇ। ਦੂਜੇ ਪਾਸੇ ਅਖੌਤੀ ਬਾਬੇ ਆਪਣੀਆਂ ਗੱਡੀਆਂ ਵਿੱਚ ਆਉਂਦੇ ਮਗਰੋਂ ਨੇ ਤੇ ਲੋਕ ਦਾਨ ਦੇਣ ਲਈ ਪੈਸੇ ਪਹਿਲਾਂ ਹੀ ਜੇਬ੍ਹਾਂ 'ਚੋਂ ਬਾਹਰ ਕੱਢ ਕੇ ਰੱਖ ਲੈਂਦੇ ਨੇ।'' ਅੱਜ ਉਸ ਨੂੰ ਅਖੌਤੀ ਬਾਬਿਆਂ ਪ੍ਰਤੀ ਪੇਂਡੂ ਲੋਕਾਂ ਦੀ ਅੰਨ੍ਹੀ ਸ਼ਰਧਾ ਆਪਣੀ ਮਿਹਨਤ ਦੀ ਕਮਾਈ 'ਤੇ ਡਾਕਾ ਮਾਰਦੀ ਪ੍ਰਤੀਤ ਹੋਈ।




# ਹੇਮਾ ਮਾਲਿਨੀ ਨੂੰ ਕਿਸਾਨਾਂ ਨੇ ਕਿਹਾ; ਸਾਨੂੰ ਮੋਦੀ ਦੇ ਖੇਤੀਬਾੜੀ ਕਾਨੂੰਨਾਂ ਬਾਰੇ ਸਮਝਾ ਜਾਓ ਹੇਮਾ ਜੀ

### * ਹਵਾਈ ਟਿਕਟ ਤੇ ਪੰਜ ਤਾਰਾ ਹੋਟਲ ’ਚ ਰਿਹਾਇਸ਼ ਦੀ ਪੇਸ਼ਕਸ਼

ਹੁਸ਼ਿਆਰਪੁਰ, 18 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਕਿਸਾਨਾਂ ਦੇ ਇਕ ਗਰੁੱਪ ਨੇ ਕਿਹਾ ਹੈ ਕਿ ਪਾਰਲੀਮੈਂਟ ਮੈਂਬਰ ਹੇਮਾ ਮਾਲਿਨੀ ਪੰਜਾਬ ਵਿੱਚ ਆ ਕੇ ਨਰਿੰਦਰ ਮੋਦੀ ਸਰਕਾਰ ਦੇ ਖੇਤੀਬਾੜੀ ਕਾਨੂੰਨਾਂ ਬਾਰੇ ਉਨ੍ਹਾਂ ਨੂੰ ਸਮਝਾ ਦੇਣ। ਇਸ ਦੌਰੇ ਲਈ ਇਨ੍ਹਾਂ ਕਿਸਾਨਾਂ ਨੇ ਪਾਰਲੀਮੈਂਟ ਮੈਂਬਰ ਹੇਮਾ ਮਾਲਿਨੀ ਨੂੰ ਹਵਾਈ ਟਿਕਟ ਅਤੇ ਰਹਿਣ ਲਈ ਪੰਜ ਤਾਰਾ ਹੋਟਲ ਵਿੱਚ ਰਿਹਾਇਸ਼ ਦੇਣ ਦੀ ਪੇਸ਼ਕਸ਼ ਵੀ ਕੀਤੀ ਹੈ।



ਕੰਢੀ ਕਿਸਾਨ ਸੰਘਰਸ਼ ਕਮੇਟੀ ਦੇ ਚੇਅਰਮੈਨ ਭੁਪਿੰਦਰ ਸਿੰਘ ਤੇ ਵਾਈਸ ਚੇਅਰਮੈਨ ਜਰਨੈਲ ਸਿੰਘ ਗੜ੍ਹਦੀਵਾਲਾ ਨੇ ਕੱਲ੍ਹ ਮਥੁਰਾ ਹਲਕੇ ਦੀ ਪਾਰਲੀਮੈਂਟ ਮੈਂਬਰ ਭਾਜਪਾ ਆਗੂ ਅਤੇ ਬਾਲੀਵੁੱਡ ਐਕਟਰੈੱਸ ਹੇਮਾ ਮਾਲਿਨੀ ਨੂੰ ਉਨ੍ਹਾਂ ਦੇ ਦਿੱਲੀ ਵਾਲੇ ਸਰਕਾਰੀ ਐਡਰੈੱਸ ਉੱਤੇ ਪੱਤਰ ਭੇਜ ਕੇ ਲਿਖਿਆ ਹੈ, ‘ਕਿਸਾਨਾਂ ਦੀਆਂ ਮੰਗਾਂ ਅਤੇ ਲੋੜਾਂ ਬਾਰੇ ਤੁਸੀਂ ਪੰਜਾਬ ਆ ਕੇ ਕਿਸਾਨਾਂ ਨੂੰ ਸਮਝਾਉਣ ਦਾ ਯਤਨ ਕਰੋ। ਤੁਹਾਡੇ ਆਉਣ-ਜਾਣ ਦੀ ਹਵਾਈ ਟਿਕਟ ਤੇ ਤੁਹਾਡੇ ਆਲੀਸ਼ਾਨ ਜੀਵਨ ਦੇ ਮੁਤਾਬਕ ਪੰਜ ਤਾਰਾ ਹੋਟਲ ਵਿੱਚ ਇੱਕ ਹਫਤਾ ਰੁਕਣ ਦਾ ਪ੍ਰਬੰਧ ਕਰ ਕੇ ਦਿੱਤਾ ਜਾਵੇਗਾ।’
ਇਸ ਜਥੇਬੰਦੀ ਦੇ ਆਗੂ ਜਰਨੈਲ ਸਿੰਘ ਗੜ੍ਹਦੀਵਾਲਾ ਨੇ ਕਿਹਾ ਕਿ ਪਾਰਲੀਮੈਂਟ ਮੈਂਬਰ ਹੇਮਾਮਾਲਿਨੀ ਦੇ ਪੰਜਾਬ ਆਉਣ ਦਾ ਸਾਰਾ ਖਰਚਾ ਪਿੰਡਾਂ ਦੇ ਕਿਸਾਨ ਅਤੇ ਮਜ਼ਦੂਰ ਆਪਣੀ ਹੱਡਭੰਨਵੀਂ ਮਿਹਨਤ ਨਾਲ ਕੀਤੀ ਕਮਾਈ ਵਿੱਚੋਂ ਚੁੱਕਣਗੇ। ਪੱਤਰ ਵਿੱਚ ਲਿਖਿਆ ਹੈ, ‘ਇਹ ਲੋਕ ਮਿੱਟੀ ਨਾਲ ਮਿੱਟੀ ਹੋ ਕੇ ਅੰਨ ਉਗਾਉਂਦੇ ਹਨ ਤੇ ਤੁਹਾਡੇ ਵਰਗੇ ਲੋਕ ਉਸ ਨੂੰ ਸੋਨੇ ਦੀਆਂ ਥਾਲੀਆਂ ਵਿੱਚ ਪਾ ਕੇ ਖਾਂਦੇ ਹਨ। ਇਸ ਦੇ ਬਾਵਜੂਦ 72 ਸਾਲਾਂ ਬਾਅਦ ਵੀ ਕਿਸਾਨਾਂ ਨੂੰ ਉਨ੍ਹਾਂ ਦੇ ਉਗਾਏ ਅਨਾਜ ਦਾ ਸਹੀ ਮੁੱਲ ਨਹੀਂ ਮਿਲ ਰਿਹਾ। ਪੰਜਾਬ ਦੇ ਲੋਕਾਂ ਦੀ ਸਮਝ ਮੁਤਾਬਕ ਕੇਂਦਰ ਦੀ ਮੋਦੀ ਸਰਕਾਰ ਜਿਹੜੇ ਤਿੰਨ ਨਵੇਂ ਖੇਤੀ ਕਾਨੂੰਨ ਲੈਕੇ ਆਈ ਹੈ, ਉਨ੍ਹਾਂ ਨਾਲ ਕਿਸਾਨ ਹੀ ਨਹੀਂ, ਸਗੋਂ ਮਜ਼ਦੂਰ ਅਤੇ ਹੋਰ ਹਰ ਵਰਗ ਵੀ ਪ੍ਰਭਾਵਤ ਹੋਵੇਗਾ। ਖੇਤੀ ਕਾਨੂੰਨ ਲਾਗੂ ਹੋਣ ਪਿੱਛੋਂ ਪੰਜਾਬ ਫਿਰ ਪੰਜਾਬ ਨਹੀਂ ਰਹੇਗਾ। ਖੇਤੀ ਕਾਨੂੰਨਾਂ ਦੀ ਆੜ ਵਿੱਚ ਪੰਜਾਬ, ਪੰਜਾਬੀ ਤੇ ਪੰਜਾਬੀਆਂ ਨੂੰ ਤਬਾਹ ਕਰਨ ਦੀ ਜਿਹੜੀ ਇਬਾਰਤ ਮੋਦੀ ਸਰਕਾਰ ਨੇ ਲਿਖ ਦਿੱਤੀ ਹੈ, ਇਹ ਇਬਾਰਤ ਪੰਜਾਬ ਦੇ ਬੱਚੇ-ਬੱਚੇ ਨੂੰ ਸਮਝ ਆ ਗਈ ਹੈ, ਪਰ ਜੇ ਤੁਹਾਡੇ ਕੋਲ ਇਸ ਬਾਰੇ ਨਜ਼ਰੀਆ ਵੱਖਰਾ ਹੈ ਤਾਂ ਸਾਰੇ ਪੰਜਾਬੀਆਂ ਵੱਲੋਂ ਤੁਹਾਨੂੰ ਇਹ ਅਪੀਲ ਹੈ ਕਿ ਪੰਜਾਬ ਆ ਕੇ ਸਾਰਿਆਂ ਨੂੰ ਸਮਝਾ ਕੇ ਜਾਓ, ਤਾਂ ਜੋ ਦਿੱਲੀ ਦੀਆਂ ਬਰੂਹਾਂ ਉਤੇ ਬੈਠੇ ਲੋਕ ਅਜਾਈਂ ਜਾਨਾਂ ਨਾ ਗਵਾਉਣ।’ ਪੱਤਰ ਵਿੱਚ ਇਹ ਵੀ ਲਿਖਿਆ ਹੈ ਕਿ ਭਾਜਪਾ ਨੇ ਬਾਲੀਵੁੱਡ ਅਦਾਕਾਰ ਧਰਮਿੰਦਰ ਸਮੇਤ ਪਰਵਾਰ ਦੇ ਤਿੰਨ ਮੈਂਬਰਾਂ ਨੂੰ ਪਾਰਲੀਮੈਂਟ ਮੈਂਬਰ ਤਾਂ ਬਣਾ ਦਿੱਤਾ, ਪਰ ਕੋਈ ਵੀ ਪੰਜਾਬ ਨਾਲ ਖੜਾ ਨਹੀਂ ਹੋ ਰਿਹਾ।

# ਕੁਲਵੰਤ ਸਿੰਘ ਨੂੰ ਕੱਢਣ ਦਾ ਸਿੱਟਾ; ਅਕਾਲੀ ਦਲ ਦੇ ਚਾਰ ਪ੍ਰਧਾਨਾਂ ਅਤੇ ਦੋ ਦਰਜਨ ਤੋਂ ਵੱਧ ਆਗੂਆਂ ਵੱਲੋਂ ਅਸਤੀਫ਼ੇ



ਐਸ ਏ ਐਸ ਨਗਰ, 18 ਜਨਵਰੀ (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਨੂੰ ਓਦੋਂ ਵੱਡਾ ਝਟਕਾ ਲੱਗਾ, ਜਦੋਂ ਪਾਰਟੀ ਦੇ ਚਾਰ ਪ੍ਰਧਾਨਾਂ ਸਮੇਤ ਕਰੀਬ ਦੋ ਦਰਜਨ ਤੋਂ ਵੱਧ ਅਹੁਦੇਦਾਰਾਂ ਤੇ ਸਾਬਕਾ ਕੌਂਸਲਰਾਂ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੇ ਸਾਰੇ ਅਹੁਦਿਆਂ ਤੇ ਪਾਰਟੀ ਦੀ ਮੁਢੱਲੀ ਮੈਂਬਰਸ਼ਿਪ ਤੋਂ ਆਪਣੇ ਅਸਤੀਫ਼ੇ ਲਿਖਤੀ ਰੂਪ ਵਿੱਚ ਭੇਜ ਦਿੱਤੇ। ਇਨ੍ਹਾਂ ਸਾਰੇ ਆਗੂਆਂ ਨੇ ਸਾਬਕਾ ਮੇਅਰ ਕੁਲ-ਵੰਤ ਸਿੰਘ ਦੀ ਅਗਵਾਈ ਹੇਠ ਇੱਥੋਂ ਦੇ ਇਤਿਹਾਸਕ ਗੁਰਦੁ-ਆਰਾ ਸਿੰਘ ਸ਼ਹੀਦਾਂ, ਸੋਹਾਣਾ, ਵਿਖੇ ਮੱਥਾਂ ਟੇਕਣ ਪਿੱਛੋਂ ਬਕਾਇਦਾ ਆਪਣੀ ਚੋਣ ਮੁਹਿੰਮ ਸ਼ੂਰੂ ਕਰਦਿਆਂ ਸੈਕਟਰ 71 ਵਿਖੇ ਨਵਾਂ ਚੋਣ ਦਫ਼ਤਰ ਖੋਲ੍ਹ ਕੇ ਕੰਮ ਸ਼ੂਰੂ ਕਰ ਦਿੱਤਾ ਹੈ।
ਬੀਤੀ ਰਾਤ ਇਨ੍ਹਾਂ ਆਗੂਆਂ ਦੀ ਮੀਟਿੰਗ ਵਿੱਚ ਸਭ ਨੇ ਇੱਕਮੱਤ ਹੋ ਕੇ ਕਿਹਾ ਕਿ ਸਾਬਕਾ ਮੇਅਰ ਕੁਲਵੰਤ ਸਿੰਘ ਨੂੰ ਅਕਾਲੀ ਦਲ ਵਿੱਚੋਂ ਬਰਖਾਸਤ ਕਰਨਾ ਬਰਦਾਸ਼ਤ ਤੋਂ ਬਾਹਰ ਹੈ। ਇਨ੍ਹਾਂ ਆਗੂਆਂ ਨੇ ਬਾਅਦ ਵਿੱਚ ਕੁਲ-ਵੰਤ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਕੇ ਮੁਹਾਲੀ ਵਿੱਚ ਵੱਖਰਾ ਆਜ਼ਾਦ ਪਲੇਟਫਾਰਮ ਬਣਾ ਕੇ ਇੱਕ ਚੋਣ ਨਿਸ਼ਾਨ ਉਤੇ ਚੋਣ ਲੜਨ ਅਤੇ ਮੁਹਾਲੀ ਸ਼ਹਿਰ ਦੇ ਵਿਕਾਸ ਲਈ ਇੱਕ ਚੋਣ ਮਨੋਰਥ ਪੱਤਰ ਤਿਆਰ ਕਰਨ ਦਾ ਫੈਸਲਾ ਕੀਤਾ ਹੈ। ਇਸ ਮੀਟਿੰਗ ’ਚ ਸਥਾਨਕ ਵਿਧਾਇਕ ਅਤੇ ਕੈਬਨਿਟ ਮੰਤਰੀ ’ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾ ਕੇ ਉਨ੍ਹਾਂ ਦੇ ਉਮੀਦਵਾਰਾਂ ਨੂੰ ਹਰਾਉਣ ਲਈ ਹੋਰ ਗਰੁੱਪਾਂ ਨਾਲ ਸੰਪਰਕ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੀ ਮੁੱਢਲੀ ਮੈਂਬਰਸ਼ਿਪ ਸਮੇਤ ਅਹੁਦਿਆਂ ਤੋਂ ਅਸਤੀਫ਼ਾ ਦੇਣ ਵਾਲਿਆਂ ਵਿੱਚ ਕੁਲਦੀਪ ਕੌਰ ਕੰਗ ਪ੍ਰਧਾਨ ਇਸਤਰੀ ਵਿੰਗ ਸ਼ਹਿਰੀ, ਪਰਮਿੰ-ਦਰ ਸਿੰਘ ਸੋਹਾਣਾ ਪ੍ਰਧਾਨ ਯੂਥ ਵਿੰਗ ਸ਼ਹਿਰੀ, ਗੁਰਮੁਖ ਸਿੰਘ ਸੋਹਲ ਪ੍ਰਧਾਨ ਬੀ ਸੀ ਵਿੰਗ ਅਤੇ ਹੋਰ ਸ਼ਾਮਲ ਹਨ।

# ਬਜ਼ੁਰਗ ਦੀ ਹੱਤਿਆ ਕਰ ਕੇ ਲਾਸ਼ ਬੋਰੀਆਂ ਹੇਠ ਦੱਬ ਦਿੱਤੀ

ਤਰਨ ਤਾਰਨ, 18 ਜਨਵਰੀ (ਪੋਸਟ ਬਿਊਰੋ)- ਇਸ ਸ਼ੀਹਰ ਦੇ ਚੌਕ ਭਾਨ ਸਿੰਘ ਵਾਲਾ ’ਚ ਕੱਲ੍ਹ ਦੇਰ ਸ਼ਾਮ ਘਰ ਵੜ ਕੇ ਇੱਕ ਬਜ਼ੁਰਗ ਔਰਤ ਦੀ ਗਲਾ ਵੱਢ ਕੇ ਹੱਤਿਆ ਕਰ ਦਿੱਤੀ ਗਈ। ਘਟਨਾ ਓਦੋਂਹੋਈ, ਜਦੋਂ ਉਕਤ ਔਰਤ ਦਾ ਲੜਕਾ ਅਤੇ ਲੜਕੀ ਗੁਰਦੁਆਰਾ ਸਾਹਿਬ ਮੱਥਾ ਟੇਕਣ ਗਏ ਹੋਏ ਸਨ। ਸਵਿੰਦਰ ਕੌਰ (70) ਪਤਨੀ ਗੁਰਦਿਆਲ ਸਿੰਘ ਆਪਣੇ ਲੜਕੇ ਜਗਜੀਤ ਸਿੰਘ ਅਤੇ ਲੜਕੀ ਕੁਲਦੀਪਕੌਰ ਨਾਲ ਚੌਕ ਭਾਨ ਸਿੰਘ ਵਾਲਾ ਵਿੱਚ ਰਹਿੰਦੀ ਸੀ। ਐਤਵਾਰ ਸ਼ਾਮ ਉਸ ਦਾ ਲੜਕਾ ਤੇ ਲੜਕੀ ਗੁਰਦੁਆਰਾ ਸਾਹਿਬ ਮੱਥਾ ਟੇਕਣ ਗਏ ਸਨ। ਜਦੋਂ ਉਹ ਵਾਪਸ ਆਏ ਤਾਂ ਦੇਖਿਆ ਕਿ ਸਾਮਾਨ ਖਿਲਰਿਆ ਪਿਆ ਤੇ ਬਜ਼ੁਰਗ ਦੀ ਲਾਸ਼ ਨੁੱਕਰ ’ਚ ਬੋਰੀਆਂ ਹੇਠੋਂ ਬਰਾਮਦ ਹੋਈ, ਜਿਸ ਦਾ ਗਲਾ ਵੱਢਿਆ ਹੋਇਆ ਸੀ। ਘਰ ਨੇੜੇ ਇੱਕ ਦੁਕਾਨ ਉਤੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਤੋਂ ਪਤਾ ਲੱਗਾ ਕਿ ਸ਼ਾਮ ਕਰੀਬ ਛੇ ਵਜੇ ਦੋ ਨੌਜਵਾਨ ਘਰੋਂ ਕਾਹਲੀ ਵਿੱਚ ਨਿਕਲੇ ਤੇ ਫਰਾਰ ਹੋ ਗਏ। ਥਾਣਾ ਮੁਖੀ ਗੁਰਚਰਨ ਸਿੰਘ ਦਾ ਕਹਿਣਾ ਹੈ ਕਿ ਹੱਤਿਆਰੇ ਦੀ ਸ਼ਨਾਖਤ ਹੋ ਗਈ ਹੈ।

## ਜਾਅਲੀ ਦਸਤਾਵੇਜ਼ਾਂ ਨਾਲ ਜ਼ਮਾਨਤਾਂ ਦੇਣ ਵਾਲੇ ਤਿੰਨ ਜਣੇ ਗ੍ਰਿਫ਼ਤਾਰ

ਜਲੰਧਰ, 18 ਜਨਵਰੀ (ਪੋਸਟ ਬਿਊਰੋ)- ਜਾਅਲੀ ਦਸਤਾਵੇਜ਼ਾਂ ਨਾਲ ਮੁਲਜ਼ਮਾਂ ਦੀ ਜ਼ਮਾਨਤਾਂ ਦੇਣ ਵਾਲੇ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕਰਕੇ ਥਾਣਾ ਨਵੀਂ ਬਾਰਾਂਦਰੀ ਦੀ ਪੁਲਸ ਨੇ ਉਨ੍ਹਾਂ ਕੋਲੋਂ ਇੱਕ ਜਾਅਲੀ ਸ਼ਨਾਖਤੀ ਕਾਰਡ (ਨੰਬਰਦਾਰ) ਤੇ ਨੰਬਰਦਾਰ ਦੀ ਮੋਹਰ ਦੇ ਨਾਲ ਦੋ ਜਾਅਲੀ ਆਧਾਰ ਕਾਰਡ ਵੀ ਬਰਾਮਦ ਕੀਤੇ ਹਨ।
ਗ੍ਰਿਫ਼ਤਾਰ ਕੀਤੇ ਵਿਅਕਤੀਆਂ ਦੀ ਪਹਿਚਾਣ ਰਾਜਪਾਲ ਸਿੰਘ ਪੁੱਤਰ ਅਰਡਨ ਸਿੰਘ ਤੇ ਕਮਲਜੀਤ ਸਿੰਘ ਪੁੱਤਰ ਪਲਵਿੰਦਰ ਸਿੰਘ ਦੋਵੇਂ ਵਾਸੀ ਅਬਾਦੀ ਰਸੂਲਪੁਰ ਕੱਲਰ, ਅੰਮ੍ਰਿਤਸਰ ਅਤੇ ਕੁਲਦੀਪ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਪਿੰਡ ਨੰਗਲ ਸਲੇਮਪੁਰ, ਜਲੰਧਰ ਵਜੋਂ ਦੱਸੀ ਗਈ ਹੈ।ਇਸ ਬਾਰੇ ਥਾਣਾ ਮੁਖੀ ਰਵਿੰਦਰ ਕੁਮਾਰ ਨੇ ਦੱਸਿਆ ਕਿ ਏ ਐਸ ਆਈ ਹਰਦਿਆਲ ਸਿੰਘ ਨੇ ਕਮਲ ਪੈਲਸ ਚੌਕ ਨੇੜੇ ਕਾਰਵਾਈ ਕਰ ਕੇ ਉਕਤ ਮੁਲਜ਼ਮਾਂ ਨੂੰ ਜਾਅਲੀ ਦਸਤਾਵੇਜ਼ਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਦੇ ਖ਼ਿਲਾਫ਼ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਇੱਕੋਂ ਦਿਨ ਲੁਟੇਰਿਆਂ ਨੇ ਸੱਤ ਪੈਟਰੋਲ ਪੰਪਾਂ ਨੂੰ ਨਿਸ਼ਾਨਾ ਬਣਾਇਆ

### * ਕਾਰਿੰਦੇ ਨੂੰ ਗੋਲੀ ਮਾਰ ਕੇ ਲੱਖਾਂ ਦੀ ਨਕਦੀ ਤੇ ਕਾਰ ਖੋਹੀ

ਤਰਨਤਾਰਨ, 18 ਜਨਵਰੀ (ਪੋਸਟ ਬਿਊਰੋ)- ਇਸ ਜ਼ਿਲ੍ਹੇ ’ਚ ਕਾਰ ਸਵਾਰ ਲੁਟੇਰਿਆਂ ਨੇ ਵੱਖ-ਵੱਖ ਇਲਾਕਿਆਂ ਵਿੱਚ ਸਥਿਤ ਸੱਤ ਪੈਟਰੋਲ ਪੰਪਾਂ ’ਤੇ ਹਥਿਆਰਾਂ ਦੀ ਨੋਕ ’ਤੇ ਕਾਰਿੰਦਿਆਂ ਤੋਂ ਲੱਖਾਂ ਰੁਪਏ ਦੀ ਨਕਦੀ ਲੁੱਟੀ ਅਤੇ ਫਰਾਰ ਹੋ ਗਏ।ਇਸ ਬਾਰੇ ਪੁਲਸ ਨੇ ਜ਼ਿਲ੍ਹੇ ਦੀ ਹੱਦਬੰਦੀ ਨੂੰ ਸੀਲ ਕਰ ਕੇ ਲੁਟੇਰਿਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।



ਮਿਲੀ ਜਾਣਕਾਰੀ ਅਨੁਸਾਰ ਭਿੱਖੀਵਿੰਡ ਨੇੜੇ ਇੱਕ ਪੈਟਰੋਲ ਪੰਪ ’ਤੇ ਤੇਲ ਪਵਾਉਣ ਬਹਾਨੇ ਆਏ ਸਵਿਫਟ ਕਾਰ ਵਾਲੇ ਲੁਟੇਰਿਆਂ ਨੇ ਕਾਰਿੰਦੇ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਤੇ ਨਕਦੀ ਖੋਹ ਲਈ। ਇਸ ਤੋਂ ਬਾਅਦ ਲੁਟੇਰਿਆਂ ਨੇ ਪਿੰਡ ਸ਼ਫ਼ੀਪੁਰ ਨੇੜੇ ਇੱਕ ਕਾਰ ਸਵਾਰ ਤੋਂ ਉਸਦੀ ਕਾਰ ਖੋਹੀ ਤੇ ਪਿੰਡ ਨੌਰੰਗਾਬਾਦ ਦੇ ਪੈਟਰੋਲ ਪੰਪ ਤੋਂ ਨਕਦੀ ਲੁੱਟ ਲਈ। ਪੰਪ ਮਾਲਕ ਗੁਰਪ੍ਰੀਤ ਸਿੰਘ ਦੇ ਭਰਾ ਰਮਨਦੀਪ ਸਿੰਘ ਭਰੋਵਾਲ ਨੇ ਦੱਸਿਆ ਕਿ ਸਵੇਰੇ ਇੱਕ ਸਵਿਫ਼ਟ ਡਿਜ਼ਾਇਰ ਕਾਰ ਵਿੱਚ ਪੰਜ ਹਥਿਆਰਬੰਦ ਲੁਟੇਰੇ ਉਨ੍ਹਾਂ ਦੇ ਪੰਪ ’ਤੇ ਆਏ, ਜਿਨ੍ਹਾਂ ਕੋਲ ਪਿਸਟਲ ਸਨ, ਉਹ ਪੰਪ ਦੇ ਕਾਰਿੰਦਿਆਂ ਤੋਂ ਹਥਿਆਰਾਂ ਦੇ ਜ਼ੋਰ 'ਤੇ 23,700 ਰੁਪਏ ਖੋਹ ਕੇ ਲੈ ਗਏ।ਇਸ ਤੋਂ ਬਾਅਦ ਲੁਟੇਰਿਆਂ ਨੇ ਥੋੜ੍ਹੀ ਦੂਰ ਇੰਡੀਅਨ ਆਇਲ ਕੰਪਨੀ ਦੇ ਪੰਪ ਤੋਂ 40,800 ਰੁਪਏ ਦੀ ਨਕਦੀ ਲੁੱਟ ਲਈ ਤੇ ਪੰਪ ਉਤੇ ਤੇਲ ਪੁਆ ਰਹੇ ਮੋਟਰਸਾਈਕਲ ਸਵਾਰ ਪਤੀ-ਪਤਨੀ ਕੋਲੋਂ ਵੀ ਚਾਰ ਹਜ਼ਾਰ ਦੀ ਨਕਦੀ ਲੁੱਟ ਲਈ। ਇਸੇ ਤਰ੍ਹਾਂ ਭਿੱਖੀਵਿੰਡ-ਦਿਆਲਪੁਰਾ ਰੋਡ ਦੇ ਪੰਪ ਤੋਂ 50 ਹਜ਼ਾਰ ਦੀ ਨਕਦੀ ਖੋਹੀ ਅਤੇ ਫਿਰ ਸਰਾਏ ਅਮਾਨਤ ਖਾਂ ਵਾਲੇ ਪੈਟਰੋਲ ਪੰਪ ਉਪਰ ਵੀ ਉਕਤ ਲੁਟੇਰਿਆਂ ਨੇ ਬੇਖੌਫ਼ ਹੋ ਕੇ ਲੁੱਟ-ਖੋਹ ਦੀਆਂ ਵਾਰਦਾਤ ਕੀਤੀ ਤੇ ਫਰਾਰ ਹੋ ਗਏ। ਇਸ ਬਾਰੇ ਡੀ ਐਸ ਪੀ ਰਮਨਦੀਪ ਸਿੰਘ ਭੁੱਲਰ ਨੇ ਦੱਸਿਆ ਕਿ ਉਕਤ ਘਟਨਾਵਾਂ ਸਬੰਧੀ ਇਲਾਕੇ ਨੂੰ ਸੀਲ ਕਰ ਕੇ ਛਾਪੇਮਾਰੀ ਕੀਤੀ ਜਾ ਰਹੀ ਅਤੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖੀ ਜਾ ਰਹੀ ਹੈ। ਪੁਲਸ ਜਲਦੀ ਹੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਵੇਗੀ।

# ਪਤੀ ਨੇ ਭੈਣ ਦੇ ਵਿਆਹ ਲਈ ਪੰਜ ਲੱਖ ਮੰਗੇ, ਪਤੀ ਸੱਸ ਅਤੇ ਸਹੁਰੇ ਵਿਰੁੱਧ ਕੇਸ ਦਰਜ



ਜਲੰਧਰ, 18 ਜਨਵਰੀ (ਪੋਸਟ ਬਿਊਰੋ)- ਲੜਕੀ ਦੀ ਜਾਇਦਾਦ ਵੱਧ ਦੇਖ ਕੇ ਲਾਲਚ ਵਿੱਚ ਵਿਆਹ ਕਰਨ ਦੇ ਬਾਅਦ ਪਤੀ ਆਪਣੀ ਭੈਣ ਦੇ ਵਿਆਹ ਲਈ ਦਾਜ ਮੰਗਣ ਲੱਗਾ। ਉਹ ਜਦ ਦੁਬਈ ਚਲਾ ਗਿਆ ਤਾਂ ਪਿੱਛੋਂ ਸੱਸ-ਸਹੁਰਾ ਪ੍ਰੇਸ਼ਾਨ ਕਰਨ ਲੱਗੇ।ਇਸ ਬਾਰੇ ਮਿਲੀ ਸ਼ਿਕਾਇਤ ਦੀ ਜਾਂਚ ਦੇ ਬਾਅਦ ਪੁਲਸ ਨੇ ਫਗਵਾੜਾ ਦੇ ਵਸਨੀਕਦੋਸ਼ੀ ਸੁਨੀਲ ਕੁਮਾਰ, ਉਸ ਦੇ ਪਿਤਾ ਜੋਗਿੰਦਰ ਸਿੰਘ ਅਤੇ ਮਾਂ ਸੁਦਰਸ਼ਨ ਦੇ ਖਿਲਾਫ ਥਾਣਾ ਭੋਗਪੁਰ ਵਿੱਚ ਕੇਸ ਦਰਜ ਕੀਤਾ ਹੈ।
ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੁਰੂ ਨਾਨਕ ਨਗਰ ਦੀ ਵਸਨੀਕ ਅਵਨੀਤ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ ਫਗਵਾੜੇ ਦੇ ਪਿੰਡ ਭਗਤਪੁਰਾ ਦੇ ਸੁਨੀਲ ਕੁਮਾਰ ਨਾਲ ਹੋਇਆ ਸੀ। ਪਤੀ ਨੂੰ ਅਵਨੀਤ ਦੇ ਪਰਵਾਰਕ ਪਿਛੋਕੜ ਦਾਪਤਾ ਸੀ ਤੇ ਉਸ ਨੇ ਆਪਣੀ ਭੈਣ ਦੇ ਵਿਆਹ ਦੇ ਬਹਾਨੇ ਪੰਜ ਲੱਖ ਰੁਪਏ ਮੰਗ ਲਏ। ਮਨ੍ਹਾ ਕੀਤਾ ਤਾਂ ਉਸ ਦੇ ਪੇਕੇ ਭੋਗਪੁਰ ਪਹੁੰਚ ਗਿਆ। ਇਸ ’ਤੇ ਅਵਨੀਤ ਦੇ ਪਿਤਾ ਨੇ ਕਿਹਾ ਕਿ ਜਿੰਨੇ ਹੋ ਸਕੇ, ਕਰ ਦੇਣਗੇ। ਫਿਰ ਉਹ ਦੁਬਈ ਚਲਾ ਗਿਆ ਤਾਂ ਬਾਅਦ ਵਿੱਚ ਸੱਸ ਸੁਦਰਸ਼ਨ ਅਤੇ ਸਹੁਰੇ ਜੋਗਿੰਦਰ ਸਿੰਘ ਨੇ ਪੈਸਿਆਂ ਲਈ ਤੰਗ ਕਰਨਾ ਸ਼ੁਰੂ ਕਰ ਦਿੱਤਾ। ਅਵਨੀਤ ਨੇ ਪਿਤਾ ਦੀ ਆਰਥਿਕ ਹਾਲਤ ਬਾਰੇ ਰੋ ਕੇ ਦੱਸਿਆ ਤਾਂ ਸੱਸ ਨੇ ਕਿਹਾ ਕਿ ਤੂੰ ਡਰਾਮਾ ਕਰਦੀ ਏਂ। ਸੱਸ ਨੇ ਕਿਹਾ ਕਿ ਮੇਰਾ ਇੱਕ ਹੀ ਬੇਟਾ ਹੈ, ਕਈ ਅਮੀਰ ਘਰਾਂ ਦੇ ਰਿਸ਼ਤੇ ਮਿਲ ਜਾਂਦੇ, ਪਰ ਸਾਨੂੰ ਪਤਾ ਸੀ ਕਿ ਤੁਸੀਂ ਪਰਵਾਰ ਵਿੱਚ ਦੋ ਧੀਆਂ ਹੋ, ਵਿਆਹ ਦੇ ਬਾਅਦ ਜਾਇਦਾਦ ਤੁਹਾਡੀ ਹੋਵੇਗੀ, ਪਰ ਤੂੰ ਪੈਸੇ ਨਹੀਂ ਲਿਆ ਰਹੀ। ਇਸ ਦੇ ਬਾਅਦ ਉਨ੍ਹਾਂ ਨੇ ਅਵਨੀਤ ਨੂੰ ਖਾਣਾ ਤੱਕ ਪੁੱਛਣਾ ਬੰਦ ਕਰ ਦਿਤਾ। ਤਬੀਅਤ ਵਿਗੜਨ ’ਤੇ ਅਵਨੀਤ ਨੇ ਪਿਤਾ ਨੂੰ ਦੱਸਿਆ ਤਾਂ ਅਵਨੀਤ ਦੇ ਪਿਤਾ ਖੁਦ ਉਸ ਨੂੰ ਹਸਪਤਾਲ ਲੈ ਕੇ ਗਏ, ਜਿੱਥੇ ਸਹੁਰੇ ਨੇ ਕਿਹਾ ਕਿ ਉਹ ਅਵਨੀਤ ਨੂੰ ਲੈ ਜਾਣ। ਕੁਝ ਦਿਨ ਬਾਅਦ ਸਹੁਰੇ ਨੇ ਕਿਹਾ ਕਿ ਤਲਾਕ ਦੇ ਕਾਗਜ਼ ਬਣਾ ਲਓ। ਓਦੋਂ ਮਾਮਲੇ ਦੀ ਸ਼ਿਕਾਇਤ ਐਸ ਐਸ ਪੀਦਿਹਾਤੀ ਨੂੰ ਦਿੱਤੀ ਗਈ। ਪੁਲਸ ਨੇ ਜਾਂਚ ਕੀਤੀ ਅਤੇ ਸਹੁਰੇ ਦੇ ਫੋਨ ਤੋਂ ਅਵਨੀਤ ਦੇ ਪਤੀ ਸੁਨੀਲ ਨਾਲ ਦੁਬਈ ਵਿੱਚ ਗੱਲ ਕੀਤੀ। ਉਨ੍ਹਾਂ ਕਿਹਾ ਕਿ ਉਸ ਦਾ ਪਤੀ ਦੁਬਈ ਤੋਂ ਆ ਜਾਏਗਾ ਤਾਂ ਮਾਮਲਾ ਸੁਲਝਾ ਲੈਣਗੇ, ਪਰ ਉਹ ਨਹੀਂ ਆਇਆ। ਮਾਮਲੇ ਦੀ ਜਾਂਚ ਥਾਣਾ ਭੋਗਪੁਰ ਦੀ ਪੁਲਸ ਵੱਲੋਂ ਸ਼ੁਰੂ ਕੀਤੀ ਗਈ ਅਤੇ ਪਰਚਾ ਦਰਜ ਕਰ ਲਿਆ ਗਿਆ ਹੈ।

# ਇਕੱਠੇ ਸ਼ਰਾਬ ਪੀਣ ਪਿੱਛੋਂ ਕੌਂਸਲ ਮੁਲਾਜ਼ਮ ਨੂੰ ਰਿਸ਼ਤੇਦਾਰ ਨੇ ਗੋਲੀ ਮਾਰ ਦਿੱਤੀ

ਰਾਜਪੁਰਾ, 18 ਜਨਵਰੀ (ਪੋਸਟ ਬਿਊਰੋ)- ਇੱਥੇ ਨਿਊ ਦਸਮੇਸ਼ ਕਾਲੋਨੀ ਵਿੱਚ ਕੱਲ੍ਹ ਰਾਤ ਇੱਕ ਕੌਂਸਲ ਕਰਮਚਾਰੀ ਨੂੰ ਦੂਜੇ ਰਿਸ਼ਤੇਦਾਰ ਮੁਲਾਜ਼ਮ ਨੇ ਗੋਲੀ ਮਾਰ ਦਿੱਤੀ ਤੇ ਭੱਜ ਗਿਆ। ਗੰਭੀਰ ਜ਼ਖਮੀ ਦਿਨੇਸ਼ ਕੁਮਾਰ ਨੂੰ ਇਲਾਜ ਲਈ ਪੀ ਜੀ ਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਹੈ। ਪੁਲਸ ਨੇ ਜ਼ੇਰੇ ਇਲਾਜ ਜ਼ਖਮੀ ਦੇ ਬਿਆਨਾਂ ਉੱਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਮੁਤਾਬਕ ਦੋਸ਼ੀ ਪੰਜਾਬ ਦੇ ਇੱਕ ਮੰਤਰੀ ਦੇ ਓ ਐਸ ਡੀ ਦਾ ਸਾਂਢੂ ਹੈ।



ਪਤਾ ਲੱਗਾ ਹੈ ਕਿ ਨਿਊ ਦਸਮੇਸ਼ ਕਾਲੋਨੀ ਦਾ ਵਾਸੀ ਦਿਨੇਸ਼ ਨਗਰ ਕੌਂਸਲ ਵਿੱਚ ਕਲਰਕ ਹੈ ਅਤੇਦੋਸ਼ੀ ਅਮਿਤ ਤਲਵਾੜ ਕੁਝ ਮਹੀਨੇ ਪਹਿਲਾਂ ਨਗਰ ਕੌਂਸਲ ਵਿੱਚ ਫੇਸੀਲੀਟੇਟਰ ਅਫਸਰ ਲੱਗਾ ਹੈ। ਦੋਵੇਂ ਜਣੇ ਆਪੋ ਵਿੱਚ ਰਿਸ਼ਤੇਦਾਰ ਹਨ। ਕੱਲ੍ਹ ਰਾਤ ਕਾਰ ਵਿੱਚ ਤਲਵਾੜ ਨੇ ਦਿਨੇਸ਼ ਨੂੰ ਗੋਲੀ ਮਾਰ ਦਿੱਤੀ। ਸ਼ੱਕ ਹੈ ਕਿ ਤਲਵਾੜ ਨੇ ਪਹਿਲਾਂ ਹੀ ਵਾਰਦਾਤ ਦੀ ਯੋਜਨਾ ਬਣਾ ਲਈ ਸੀ, ਕਿਉਂਕਿ ਉਹ ਆਪਣੀ ਕਾਰ ਪੈਂਚਰ ਹੋਣ ਦੀ ਗੱਲ ਕਹਿਣ ’ਤੇ ਦਿਨੇਸ਼ ਨੂੰ ਆਪਣੀ ਕਾਰ ਵਿੱਚ ਘਰ ਲਿਆਇਆ ਸੀ। ਜਦੋਂ ਸ਼ਰਾਬ ਪੀਣ ਪਿੱਛੋਂ ਰਾਤ ਨੂੰ ਤਲਵਾੜ ਦੇ ਕਹਿਣ ’ਤੇ ਟਾਹਲੀ ਵਾਲਾ ਚੌਕ ਨੇੜੇ ਦੋਵੇਂ ਦੁਕਾਨ ਵਿੱਚੋਂ ਪਾਨ ਲੈ ਕੇ ਆਏ ਤੇ ਕਾਲੋਨੀ ਵਿੱਚ ਕਾਰ ਵਿੱਚ ਬੈਠਣ ਵੇਲੇ ਤਲਵਾੜ ਨੇ ਦਿਨੇਸ਼ ਦੀ ਗਰਦਨ ਉਤੇ ਪਿਸਤੌਲ ਤਾਣ ਦਿੱਤੀ। ਤਲਵਾੜ ਦੀ ਨੀਤ ਦੇਖ ਕੇ ਦਿਨੇਸ਼ ਨੇ ਬਚਣ ਦੀ ਕੋਸ਼ਿਸ਼ ਕੀਤੀ, ਪਰ ਤਲਵਾੜ ਨੇ ਗੋਲੀ ਚਲਾ ਦਿੱਤੀ, ਜੋ ਉਹਦੇ ਕੰਨ ਦੇ ਕੋਲੋਂ ਛੂੰਹਦੀ ਨਿਕਲ ਗਈ। ਦੱਸਿਆ ਗਿਆ ਹੈ ਕਿ ਹੱਥੋਪਾਈ ਹੋਣ ’ਤੇ ਪਿਸਤੌਲ ਹੇਠਾਂ ਡਿੱਗਣ ਉਤੇ ਤਲਵਾੜ ਨੇ ਚਾਕੂ ਕੱਢ ਕੇ ਵਾਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਰੌਲਾ ਪੈਣ ਉਤੇ ਦੋਸ਼ੀ ਪਿਸਤੌਲ ਛੱਡ ਕੇ ਫਰਾਰ ਹੋ ਗਿਆ। ਗੰਭੀਰ ਜ਼ਖਮੀ ਦਿਨੇਸ਼ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਪੀ ਜੀ ਆਈ ਚੰਡੀਗੜ੍ਹ ਰੈਫਰ ਕਰ ਦਿੱਤਾ। ਉਥੇ ਦਿਨੇਸ਼ ਦਾ ਆਪਰੇਸ਼ਨ ਕੀਤਾ ਗਿਆ ਹੈ ਤੇ ਉਸ ਦੀ ਹਾਲਤ ਖਤਰੇ ਵਿੱਚੋਂ ਬਾਹਰ ਦੱਸੀ ਜਾ ਰਹੀ ਹੈ। ਡੀ ਐਸ ਪੀ ਗੁਰਿੰਦਰ ਸਿੰਘ ਨੇ ਦੱਸਿਆ ਕਿ ਦਿਨੇਸ਼ ਕੁਮਾਰ ਦੇ ਬਿਆਨਾਂ ਮੁਤਾ-ਬਕ ਕਾਰਵਾਈ ਕੀਤੀ ਜਾਵੇਗੀ।

# ਨਾਜਾਇਜ਼ ਸੰਬੰਧਾਂ ਨੇ ਦੋ ਪਰਵਾਰ ਤਬਾਹ ਕੀਤੇ

ਬਠਿੰਡਾ, 18 ਜਨਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੀ 80 ਫੁੱਟੀ ਰੋਡ ਦੀ ਕਾਲਾ ਸਿੰਘ ਸਿੱਧੂ ਕਾਲੋਨੀ ਦੇ ਇੱਕ ਵਿਅਕਤੀ ਨੇ ਘਰ ਵਿੱਚ ਫਾਹਾ ਲਾ ਕੇ ਖੁਦਕੁਸਲੀ ਕਰ ਲਈ। ਮ੍ਰਿਤਕ ਦੀ ਪਤਨੀ ਦੇ ਕਿਸੇ ਵਿਅਕਤੀ ਨਾਲ ਨਾਜਾਇਜ਼ ਸੰਬੰਧ ਸਨ। ਸਿਵਲ ਹਸਪਤਾਲ ਚੌਕੀ ਪੁਲਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।
ਬਚਨ ਕੌਰ ਨੇ ਦੱਸਿਆ ਕਿ ਉਸ ਦੇ ਬੇਟੇ ਰਣਜੀਤ ਸਿੰਘ (40) ਦਾ ਵਿਆਹ ਰਮਨਦੀਪ ਕੌਰ ਨਾਲ ਹੋਇਆ ਸੀ। ਰਮਨਦੀਪ ਕੌਰ ਦੇ ਕਿਸੇ ਵਿਅਕਤੀ ਨਾਲ ਨਾਜਾਇਜ਼ ਸੰਬੰਧਾਂ ਦਾ ਪਤਾ ਉਸ ਦੇ ਬੇਟੇ ਨੂੰ ਲੱਗ ਗਿਆ। ਦੋਵਾਂ ਦਾ ਇਸੇ ਗੱਲ ਨੂੰ ਲੈ ਕੇ ਝਗੜਾ ਹੁੰਦਾ ਸੀ। ਇਸੇ ਦੁੱਖ ਵਿੱਚ ਰਣਜੀਤ ਨੇ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਏ ਐਸ ਆਈ ਰਣਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਮਾਂ ਦੇ ਬਿਆਨਾਂ ਉੱਤੇ ਰਮਨਦੀਪ ਕੌਰ ਦੇ ਖਿਲਾਫ ਮਾਮਲਾ ਦਰਜ ਕਰ ਕੇ ਗ੍ਰਿਫਤਾਰੀ ਦੇ ਲਈ ਯਤਨ ਸ਼ੁਰੂ ਕਰ ਦਿੱਤੇ ਗਏ ਹਨ।
ਓਧਰ ਲਹਿਰਾ ਮੁਹੱਬਤ ਥਰਮਲ ਕਾਲੋਨੀ ਦੇ ਇੱਕ ਵਿਅਕਤੀ ਨੇ ਆਪਣੀ ਪਤਨੀ ਦੇ ਨਾਜਾਇਜ਼ ਸੰਬੰਧਾਂ ਤੋਂ ਦੁਖੀ ਹੋ ਕੇ ਜ਼ਹਿਰੀਲੀ ਚੀਜ਼ ਨਿਗਲ ਕੇ ਖੁਦਕੁਸ਼ੀ ਕਰ ਲਈ ਹੈ। ਥਾਣਾ ਨਥਾਣਾ ਪੁਲਸ ਨੇ ਮ੍ਰਿਤਕ ਦੇ ਭਰਾ ਦੀ ਸ਼ਿਕਾਇਤ ਉੱਤੇ ਉਸ ਦੀ ਪਤਨੀ ਅਤੇ ਪ੍ਰੇਮੀ ਉੱਤੇ ਖੁਦਕੁਸ਼ੀ ਕਰਨ ਲਈ ਮਜਬੂਰ ਕਰਨ ਦਾ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੋਵਾਂ ਦੋਸ਼ੀਆਂ ਦੀ ਗ੍ਰਿਫਤਾਰੀ ਅਜੇ ਹੋਣੀ ਹੈ। ਰਾਜਾ ਰਾਮ ਵਾਸੀ ਥਰਮਲ ਕਾਲੋਨੀ ਲਹਿਰਾ ਮੁਹੱਬਤ ਨੇ ਦੱਸਿਆ ਕਿ ਉਸ ਦੇ ਭਰਾ ਰਾਜ ਕਿਸ਼ੋਰ ਦੀ ਪਤਨੀ ਆਸ਼ਾ ਦੇਵੀ ਦੇ ਕਾਲੋਨੀ ਵਿੱਚ ਰਹਿੰਦੇ ਵਿਨੈ ਤਿਵਾੜੀ ਨਾਲ ਨਾਜਾਇਜ਼ ਸੰਬੰਧ ਸਨ ਜਿਸ ਦਾ ਪਤਾ ਉਸ ਦੇ ਭਰਾ ਨੂੰ ਲੱਗ ਗਿਆ ਸੀ। ਉਸ ਨੇ ਆਪਣੀ ਪਤਨੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਨਹੀਂ ਮੰਨੀ ਅਤੇ ਉਸ ਦਾ ਪ੍ਰੇਮੀ ਵਿਨੈ ਤਿਵਾੜੀ ਵੀ ਉਸ ਦੇ ਭਰਾ ਨੂੰ ਪ੍ਰੇਸ਼ਾਨ ਕਰਨ ਲੱਗਾ ਤੇ ਉਸ ਨੂੰ ਧਮਕੀਆਂ ਦੇਣ ਲੱਗਾ ਜਿਸ ਦੇ ਕਾਰਨ ਉਸ ਦਾ ਭਰਾ ਪ੍ਰੇਸ਼ਾਨ ਰਹਿਣ ਲੱਗਾ। ਇਸੇ ਪ੍ਰੇਸ਼ਾਨੀ ਦੇ ਕਾਰਨ ਉਸ ਨੇ ਖੁਦਕੁਸ਼ੀ ਕਰ ਲਈ।

# ਮਾਂ ਚਾਰ ਸਾਲਾ ਬੇਟੀ ਨੂੰ ਛੱਡ ਕੇ ਦੋਸਤ ਨਾਲ ਭੱਜੀ

### *ਬਦਨਾਮੀ ਦੇ ਡਰੋਂ ਸਹੁਰੇ ਨੇ ਜ਼ਹਿਰ ਨਿਗਲਿਆ

ਲੁਧਿਆਣਾ, 18 ਜਨਵਰੀ (ਪੋਸਟ ਬਿਊਰੋ)- ਚਾਰ ਸਾਲਾ ਬੇਟੀ ਨੂੰ ਸਹੁਰੇ ਘਰ ਛੱਡ ਕੇ ਮਾਂ ਕਿਸੇ ਦੋਸਤ ਨਾਲ ਭੱਜ ਗਈ। ਇਸ ਬਦਨਾਮੀ ਦੇ ਡਰੋਂ ਸਹੁਰੇ ਕਰਮਜੀਤ ਸਿੰਘ (58) ਨੇ ਜ਼ਹਿਰੀਲਾ ਪਦਾਰਥ ਨਿਗਲ ਕੇ ਖੁਦਕੁਸ਼ੀ ਕਰ ਲਈ। ਇਸ ਬਾਰੇ ਥਾਣਾ ਡੇਹਲੋਂ ਦੀ ਪੁਲਸ ਨੇ ਜੋਤੀ, ਉਸ ਦੀ ਮਾਂ ਹਰਵਿੰਦਰ ਕੌਰ, ਪਿਤਾ ਪ੍ਰੀਤਮ ਸਿੰਘ ਵਾਸੀ ਵਿਸ਼ਵਕਰਮਾ ਕਾਲੋਨੀ ਦੇ ਖ਼ਿਲਾਫ਼ ਖ਼ੁਦਕੁਸ਼ੀ ਲਈ ਮਜ਼ਬੂਰ ਕਰਨ ਦਾ ਕੇਸ ਦਰਜ ਕਰਕੇ ਭਾਲ ਸ਼ੁਰੂ ਕਰ ਦਿੱਤੀ ਹੈ।
ਪੁਲਸ ਨੂੰ ਪਵਿੱਤਰ ਸਿੰਘ ਨੇ ਦੱਸਿਆ ਕਿ ਉਸ ਦਾ ਵਿਆਹ ਜੋਤੀ ਨਾਲ ਸੱਤ ਸਾਲ ਪਹਿਲਾਂ ਹੋਇਆ ਸੀ। ਉਨ੍ਹਾਂ ਦੀ ਇੱਕ ਬੇਟੀ ਹੈ। ਬੀਤੀ 11 ਜਨਵਰੀ ਨੂੰ ਪਤਨੀ ਘਰੋਂ ਬਿਨਾਂ ਦੱਸੇ ਕਿਤੇ ਚਲੀ ਗਈ। ਆਪਣੇ ਪੱਧਰ ’ਤੇ ਭਾਲ ਕੀਤੀ ਪਰ ਕੁਝ ਪਤਾ ਨਹੀਂ ਲੱਗ ਸਕਿਆ। ਕੁਝ ਦਿਨਾਂ ਬਾਅਦ ਜੋਤੀ ਨੇ ਆਪਣੇ ਮਾਪਿਆਂ ਘਰ ਫ਼ੋਨ ਕਰਕੇ ਦੱਸਿਆ ਕਿ ਉਹ ਆਪਣੇ ਦੋਸਤ ਨਾਲ ਚੰਡੀਗੜ੍ਹ ਰਹਿ ਰਹੀ ਹੈ ਅਤੇ ਵਾਪਸ ਮੁੜਨਾ ਨਹੀਂ ਚਾਹੁੰਦੀ। ਪਵਿੱਤਰ ਨੇ ਪੁਲਸ ਦੀ ਮਦਦ ਨਾਲ ਲੋਕੇਸ਼ਨ ਕਢਵਾਈ ਤਾਂ ਪਤਾ ਲੱਗਾ ਕਿ ਪਤਨੀ ਜ਼ੀਰਕਪੁਰ ਵਿੱਚ ਹੈ। ਉਸ ਦੇ ਪਿਤਾ ਨੇ ਆਪਣੇ ਕੁੜਮ ਨੂੰ ਫ਼ੋਨ ਕਰਕੇ ਬੇਟੀ ਨੂੰ ਸਮਝਾਉਣ ਨੂੰ ਕਿਹਾ ਤਾਂ ਉਹ ਅੱਗੋਂ ਗਾਲ੍ਹਾਂ ਕੱਢਣ ਲੱਗ ਪਿਆ, ਜਿਸ ਪਿੱਛੋਂ ਪਿਤਾ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਹੋ ਗਿਆਤੇ ਪਰਵਾਰ ਦੀ ਬਦਨਾਮੀ ਦੇ ਡਰੋਂ ਜ਼ਹਿਰੀਲਾ ਪਦਾਰਥ ਨਿਗਲ ਲਿਆ। ਕੱਲ੍ਹ ਸਵੇਰੇ ਜਦ ਮਾਂ ਉਸ ਦੇ ਪਿਤਾ ਨੂੰ ਚਾਹ ਦੇਣ ਗਈ ਤਾਂ ਉਹ ਬਾਥਰੂਮ ਦੇ ਬਾਹਰ ਬੇਸੁੱਧ ਡਿੱਗੇ ਹੋਏ ਸਨ। ਉਨ੍ਹਾਂ ਨੂੰ ਇਲਾਜ ਲਈ ਨੇੜੇ ਦੇ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਪੁਲਸ ਦੇ ਅਨੁਸਾਰ ਮੁਲਜ਼ਮਾਂ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਬੀ ਡੀ ਏ ਦੇ ਮੁੱਖ ਪ੍ਰਸ਼ਾਸਕ ਸਣੇ ਤਿੰਨ ਅਫਸਰਾਂ ਦੇ ਜ਼ਮਾਨਤੀ ਵਾਰੰਟ ਨਿਕਲੇ

ਬਠਿੰਡਾ, 18 ਜਨਵਰੀ (ਪੋਸਟ ਬਿਊਰੋ)- ਬਠਿੰਡਾ ਡਿਵੈਲਪਮੈਂਟ ਅਥਾਰਟੀ (ਬੀ ਡੀ ਏ) ਵੱਲੋਂ 36 ਏਕੜ ਪੁਰਾਣੀ ਸੈਂਟਰਲ ਜੇਲ੍ਹ ਸਾਈਟ ਉੱਤੇ ਕੱਟੇ ਗਏ 155 ਰਿਹਾਇਸ਼ੀ ਫਲੈਟਾਂ ਦੇ ਅਲਾਟੀਆਂ ਨੂੰ ਤੈਅ ਸਮੇਂ ਕਬਜ਼ਾ ਨਾ ਦੇ ਕੇ ਅਗਲੀ ਕਿਸ਼ਤ ਉੱਤੇ 12 ਫੀਸਦੀ ਵਿਆਜ ਲਾ ਕੇ ਵਸੂਲੀ ਕਰਨ ਬਦਲੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਬਠਿੰਡਾ ਦੇ ਮੁੱਖ ਪ੍ਰਸ਼ਾਸਕ ਸਮੇਤ ਤਿੰਨ ਅਧਿਕਾਰੀਆਂ ਨੂੰ 20-20 ਹਜ਼ਾਰ ਰੁਪਏ ਦੇ ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ। ਇਹ ਵਾਰੰਟ ਜਸਟਿਸ ਬੀ ਐਸ ਵਾਲੀਆ ਦੀ ਅਦਾਲਤ ਨੇ ਪਿਛਲੀ ਅੱਠ ਜਨਵਰੀ 2021 ਨੂੰ ਜਾਰੀ ਕੀਤੇ ਸਨ।
ਵੀਡੀਓ ਕਾਨਫਰੰਸ ’ਤੇ ਹੋਈ ਸੁਣਵਾਈ ਵਿੱਚ ਅਦਾਲਤ ਨੇ ਬੀ ਡੀ ਏ ਦੇ ਮੁੱਖ ਪ੍ਰਸ਼ਾਸਕ (ਸੀ ਏ) ਪਰਮਿੰਦਰ ਸਿੰਘ, ਸਹਾਇਕ ਪ੍ਰਸ਼ਾਸਕ (ਏ ਸੀ ਏ) ਬਿਕਰਮਜੀਤ ਸਿੰਘ ਸ਼ੇਰਗਿੱਲ ਤੇ ਸਹਾਇਕ ਅਸਟੇਟ ਅਫਸਰ (ਏ ਈ ਐਫ) ਬਲਜਿੰਦਰ ਕੌਰ ਨੂੰ 20-20 ਹਜ਼ਾਰ ਰੁਪਏ ਦੇ ਜ਼ਮਾਨਤੀ ਵਾਰੰਟ ਜਾਰੀ ਕੀਤੇ ਅਤੇ ਬਠਿੰਡਾ ਚੀਫ ਜੁਡੀਸ਼ਲ ਮੈਜਿਸਟ੍ਰੇਟ (ਸੀ ਜੇ ਐਮ) ਦੀ ਅਦਾਲਤ ਅੱਗੇ ਪੇਸ਼ ਹੋ ਕੇ ਜ਼ਮਾਨਤ ਲੈਣ ਦੇ ਹੁਕਮ ਜਾਰੀ ਕੀਤੇ ਹਨ। ਕੇਸ ਦੀ ਅਗਲੀ ਸੁਣਵਾਈ 8 ਫਰਵਰੀ 2021 ਨੂੰ ਤੈਅ ਕੀਤੀ ਗਈ ਹੈ। ਇਸ ਬਾਰੇ ਐਡਵੋਕੇਟ ਮਨੀਸ਼ ਕੁਮਾਰ ਸਿੰਗਲਾ ਨੇ ਦੱਸਿਆ ਕਿ ਫਰਵਰੀ 2016 ਨੂੰ ਬੀ ਡੀ ਏ ਨੇ 36 ਏਕੜ ਪੁਰਾਣੀ ਸੈਂਟਰਲ ਜੇਲ੍ਹ ਸਾਈਟ ’ਤੇ 155 ਰਿਹਾਇਸ਼ੀ ਪਲਾਟ ਕੱਟੇ ਅਤੇ ਡਰਾਅ ਦੇ ਰਾਹੀਂ ਵੰਡੇ ਗਏ ਸਨ। ਡਰਾਅ ਕੱਢਣ ਦੇ 10 ਮਹੀਨੇ ਬਾਅਦ 31 ਦਸੰਬਰ 2016 ਤੱਕ ਕਾਲੋਨੀ ਦਾ ਪੂਰਾ ਕੰਮ ਕਰਨ ਦੇ ਬਾਅਦ ਸਾਰੇ ਅਲਾਟੀਆਂ ਨੂੰ ਕਬਜ਼ਾ ਦੇਣਾ ਸੀ, ਇਸ ਲਈ ਬੀ ਡੀ ਏ ਅਲਾਟੀਆਂ ਤੋਂ 25 ਫੀਸਦੀ ਰਕਮ ਪਹਿਲਾਂ ਹੀ ਲੈ ਚੁੱਕਾ ਸੀ ਅਤੇ ਕਬਜ਼ਾ ਦੇਣ ਦੀ ਤੈਅ ਤਰੀਕ ਦੇ ਬਾਅਦ ਅਲਾਟੀਆਂ ਤੋਂ ਲਏ ਜਾਣ ਵਾਲੀਆਂ ਕਿਸ਼ਤਾਂ ਲੈਣੀਆਂ ਸਨ, ਪਰ ਬੀ ਡੀ ਏ ਨੇ ਨਵਾਂ ਦੋ ਸਾਲ ਯਾਨੀ ਸਾਲ 2018 ਤੱਕ ਅਲਾਟੀਆਂ ਨੂੰ ਕਬਜ਼ਾ ਨਹੀਂ ਸੀ ਦਿੱਤਾ।

## ਸਟੈਚੂ ਆਫ ਯੂਨਿਟੀ ਨੂੰ ਅੱਠ ਸ਼ਹਿਰਾਂ ਨਾਲ ਜੋੜਦੀਆਂ ਰੇਲਗੱਡੀਆਂ ਨੂੰ ਮੋਦੀ ਵੱਲੋਂ ਹਰੀ ਝੰਡੀ



ਅਹਿਮਦਾਬਾਦ, 18 ਜਨਵਰੀ (ਪੋਸਟ ਬਿਊਰੋ)- ਗੁਜਰਾਤ ਦੇ ਕੇਵੜੀਆ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਨਾਲ ਰੇਲ ਰਾਹੀਂ ਜੋੜਦੀਆਂ ਅੱਠ ਗੱਡੀਆਂ ਨੂੰ ਹਰੀ ਝੰਡੀ ਵਿਖਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਵਾਨਾ ਕੀਤਾ ਹੈ। ਕੇਵੜੀਆ ਵਿੱਚ ਸਰਦਾਰ ਪਟੇਲ ਦਾ ਸਟੈਚੂ ਆਫ ਯੂਨਿਟੀ ਅਮਰੀਕਾ ਦੇ ਸਟੈਚੂ ਆਫ ਲਿਬਰਟੀ ਵਾਂਗ ਬਣਾਇਆ ਗਿਆ ਹੈ। ਜਿਨ੍ਹਾਂ ਅੱਠ ਸ਼ਹਿਰਾਂ ਨੂੰ ਰੇਲ ਲਿੰਕ ਜ਼ਰੀਏ ਕੇਵੜੀਆ ਨਾਲ ਜੋੜਿਆ ਗਿਆ ਹੈ, ਉਨ੍ਹਾਂ ਵਿੱਚ ਵਾਰਾਣਸੀ, ਦਾਦਰ, ਅਹਿਮਦਾਬਾਦ, ਹਜ਼ਰਤ ਨਿਜ਼ਾਮੂਦੀਨ, ਰੀਵਾ, ਚੇਨਈ ਅਤੇ ਪ੍ਰਤਾਪਨਗਰ ਸ਼ਾਮਲ ਹਨ।

ਇਨ੍ਹਾਂ ਰੇਲਗੱਡੀਆਂ ਨੂੰ ਝੰਡੀ ਵਿਖਾਉਣ ਵਾਲੇ ਵਰਚੁਅਲ ਸਮਾਗਮ ਨੂੰ ਸੰਬੋਧਨ ਕਰਦੇ ਵਕਤ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਲ 2018 ਵਿੱਚ ਸਟੈਚੂ ਆਫ ਯੂਨਿਟੀ ਦੇ ਉਦਘਾਟਨ ਤੋਂ ਅੱਜ ਤੱਕ ਪੰਜਾਹ ਲੱਖ ਦੇ ਕਰੀਬ ਸੈਲਾਨੀ ਇਸ ਥਾਂ ਆ ਚੁੱਕੇ ਹਨ। ਉਨ੍ਹਾਂ ਡੈਡੀਕੇਟਿਡ ਫਰੇਟ ਕੋਰੀਡੋਰ ਪ੍ਰੋਜੈਕਟ ਦਾ ਜ਼ਿਕਰ ਕਰ ਕੇ ਦੱਸਿਆ ਕਿ ਇਹ ਪਿਛਲੇ ਸਮੇਂ ਵਿੱਚ ਸਾਡੇ ਦੇਸ਼ ’ਚ ਕੰਮ ਕਰਨ-ਢੰਗ ਦੀ ਮਿਸਾਲ ਹੈ।ਮੋਦੀ ਨੇ ਇਸ ਮੌਕੇ ਤਿੰਨ ਰੇਲਵੇ ਸਟੇਸ਼ਨਾਂ ਤੇ ਦਭੋਹੀ ਤੋਂ ਕੇਵੜੀਆ ਨੂੰ ਜੋੜਦੀ ਬਰਾਡ ਗੇਜ ਲਾਈਨ ਦਾ ਲਿੰਕਵੀ ਵੀਡੀਓ ਜ਼ਰੀਏ ਚਾਲੂ ਕੀਤਾ। ਉਨ੍ਹਾ ਕਿਹਾ ਕਿ ਸੰਭਾਵੀ ਤੌਰ ’ਤੇ ਇਹ ਪਹਿਲੀ ਵਾਰ ਹੋਵੇਗਾ, ਜਦੋਂ ਇੱਕੋ ਸਮੇਂ ਇੱਕੋ ਮੰਜ਼ਿਲ ਤੋਂ ਇੰਨੀਆਂ ਰੇਲਗੱਡੀਆਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ ਹੈ। ਮੋਦੀ ਨੇ ਇੱਕ ਸਰਵੇ ਦੇ ਹਵਾਲੇ ਨਾਲ ਕਿਹਾ ਕਿ ਕੁਨੈਕਟੀਵਿਟੀ ਵਧਣ ਨਾਲ ਭਵਿੱਖ ਵਿੱਚ ਇੱਕ ਲੱਖ ਤੋਂ ਵੱਧ ਲੋਕ ਰੋਜ਼ ਕੇਵੜੀਆ ਆਉਣਗੇ ਅਤੇ ਨਵੀਂ ਰੇਲ ਕੁਨੈਕਟੀਵਿਟੀ ਨਾਲ ਸੈਲਾਨੀਆਂ ਤੋਂ ਇਲਾਵਾ ਸਥਾਨਕ ਲੋਕਾਂ ਨੂੰ ਵੀ ਵੱਡਾ ਫਾਇਦਾ ਮਿਲੇਗਾ। ਪ੍ਰਧਾਨ ਮੰਤਰੀ ਨੇ ਜਿਨ੍ਹਾਂ ਅੱਠ ਰੇਲਗੱਡੀਆਂ ਨੂੰ ਹਰੀ ਝੰਡੀ ਵਿਖਾਈ, ਉਨ੍ਹਾਂ ਵਿੱਚ ਅਹਿਮਦਾਬਾਦ-ਕੇਵੜੀਆ ਜਨ ਸ਼ਤਾਬਦੀ ਐਕਸਪ੍ਰੈਸ ਸ਼ਾਮਲ ਹੈ। ਇਹ ਗੱਡੀ ਵਿਸਟਾਡੋਮ ਕੋਚ ਨਾਲ ਲੈਸ ਹੈ, ਜਿਸ ਨਾਲ ਇਸ ਵਿੱਚ ਸਫਰ ਕਰਨ ਵਾਲੇ ਮੁਸਾਫਰ ਆਪਣੀਆਂ ਸੀਟਾਂ ’ਤੇ ਬੈਠੇ ਛੱਤ ’ਤੇ ਲੱਗੇ ਸ਼ੀਸ਼ੇ ਰਾਹੀਂ ਬਾਹਰ ਦਾ ਨਜ਼ਾਰਾ ਵੇਖ ਸਕਣਗੇ। ਮੋਦੀ ਨੇ ਕਿਹਾ ਕਿ ਵਿਸਟਾਡੋਮ ਕੋਚਾਂ (ਡੱਬਿਆਂ) ਨਾਲ ਕੇਵੜੀਆ ਤੱਕ ਦਾ ਸਫਰ ਵਧੇਰੇ ਆਕਰਸ਼ਕ ਬਣ ਜਾਵੇਗਾ।

# ਲਕਸ਼ਮੀ ਵਿਲਾਸ ਬੈਂਕ ਦੇ ਡੀ ਬੀ ਐਸ ਵਿੱਚ ਰਲੇਵੇਂ ਨੂੰ ਦਿੱਲੀ ਹਾਈਕੋਰਟ ਵਿੱਚ ਚੁਣੌਤੀ




ਨਵੀਂ ਦਿੱਲੀ, 18 ਜਨਵਰੀ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਵਿੱਚ ਅਰਜ਼ੀ ਰਾਹੀਂ ਲਕਸ਼ਮੀ ਵਿਲਾਸ ਬੈਂਕ (ਐਲ ਵੀ ਬੀ) ਦੇ ਡਵੈਲਪਮੈਂਟ ਬੈਂਕ ਆਫ ਸਿੰਗਾਪੁਰ (ਡੀ ਬੀ ਐਸ) ਵਿੱਚ ਰਲੇਵੇਂ ਨੂੰ ਚੁਣੌਤੀ ਦਿੱਤੀ ਗਈ ਹੈ।

ਇਸ ਅਰਜ਼ੀ ਵਿੱਚ ਕਿਹਾ ਗਿਆ ਹੈ ਕਿ ਬੈਂਕ ਦੇ ਸ਼ੇਅਰਧਾਰਕਾਂ ਨੂੰ ਦੁਚਿਤੀ ਵਿੱਚ ਛੱਡ ਦਿੱਤਾ ਗਿਆ ਅਤੇ ਕੇਂਦਰ ਸਰਕਾਰ ਅਤੇ ਭਾਰਤੀ ਰਿਜਰਵ ਬੈਂਕ ਉਨ੍ਹਾਂ ਦੇ ਹਿੱਤਾਂ ਦੀ ਰਾਖੀਕਰਨ ਤੋਂਨਾਕਾਮ ਰਹੇ ਹਨ। ਇਹ ਅਰਜ਼ੀ 13 ਜਨਵਰੀ ਨੂੰ ਚੀਫ ਜਸਟਿਸ ਡੀ ਐਨ ਪਟੇਲ ਅਤੇ ਜਸਟਿਸ ਜੋਤੀ ਸਿੰਘ ਦੀ ਬੈਂਚ ਅੱਗੇ ਲਿਸਟਿਡ ਸੀ, ਪਰ ਇਸ ਨੂੰ 19 ਫਰਵਰੀ ਤੱਕ ਅੱਗੇ ਵਧਾ ਦਿੱਤਾ ਗਿਆ। ਬੈਂਚ ਨੂੰ ਸੂਚਿਤ ਕੀਤਾ ਗਿਆ ਕਿ ਰਿਜਰਵ ਬੈਂਕ ਨੇ ਹਾਈ ਕੋਰਟਨੂੰ ਅਰਜ਼ੀ ਦੇਕੇ ਇਸ ਰਲੇਵਾਂ ਯੋਜਨਾ ਦੇ ਖ਼ਿਲਾਫ਼ ਸਾਰੀਆਂ ਅਰਜ਼ੀਆਂ ਨੂੰ ਬੰਬੇ ਹਾਈ ਕੋਰਟਨੂੰਟਰਾਂਸਫਰ ਕਰਨ ਦੀਬੇਨਤੀ ਕੀਤੀ ਹੈ। ਦਿੱਲੀ ਹਾਈ ਕੋਰਟ ਵਿੱਚ ਇਹ ਅਰਜ਼ੀ ਸੁਧੀਰ ਕਠਪਾਲੀਆ ਨੇ ਦਾਇਰ ਕੀਤੀ ਹੈ, ਜੋ ਲਕਸ਼ਮੀ ਵਿਲਾਸ ਬੈਂਕ ਦੇ ਸ਼ੇਅਰਧਾਰਕ ਹਨ। ਇਸ ਰਲੇਵਾਂ ਯੋਜਨਾ ਦੇ ਨਾਲ ਉਨ੍ਹਾਂ ਨੂੰ ਕੰਪਨੀ ਵਿੱਚ ਆਪਣੇ 20,000 ਸ਼ੇਅਰ ਗਵਾਉਣੇ ਪਏ ਹਨ। ਕਠਪਾਲੀਆ ਨੇ ਯੋਜਨਾ ਦੇ ਉਸ ਨੁਕਤੇ ਨੂੰ ਰੱਦ ਕਰਨ ਦੀ ਅਪੀਲ ਕੀਤੀ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਰਲੇਵੇਂ ਦੀ ਤਾਰੀਕ ਤੋਂ ਸ਼ੇਅਰ ਪੂੰਜੀ ਦੀ ਪੂਰੀ ਰਾਸ਼ੀ ਅਤੇ ਸਬੰਧਤ ਰਕਮ ‘ਰਾਈਟ ਆਫ’ ਕਰ ਦਿੱਤੀ ਜਾਵੇਗੀ। ਅਰਜ਼ੀ ਮੁਤਾਬਕ ਇਸ ਯੋਜਨਾ ਤਹਿਤ ਡੀ ਬੀ ਐਸ ਨੂੰ ਲਕਸ਼ਮੀ ਵਿਲਾਸ ਬੈਂਕ ਦੇ ਨਿਵੇਸ਼ਕਾਂ ਨੂੰ ਬਦਲੇ ਵਿੱਚ ਸ਼ੇਅਰ ਦੇਣ ਦੀ ਲੋੜ ਨਹੀਂ ਹੈ। ਰਿਜਰਵ ਬੈਂਕ ਨੇ ਇਸ ਯੋਜਨਾ ਨੂੰ 25 ਨਵੰਬਰ 2020 ਨੂੰ ਮੰਜ਼ੂਰੀ ਦਿੱਤੀ ਅਤੇ 27 ਨਵੰਬਰ ਨੂੰ ਰਲੇਵਾਂ ਹੋਇਆ ਸੀ।

## ਭਾਰਤੀ ਅਰਥਚਾਰੇ ਵਿੱਚ 25 ਫ਼ੀਸਦੀ ਗਿਰਾਵਟ ਆਉਣ ਦਾ ਡਰ



ਨਵੀਂ ਦਿੱਲੀ, 18 ਜਨਵਰੀ (ਪੋਸਟ ਬਿਊਰੋ)- ਪ੍ਰਸਿੱਧ ਅਰਥਸ਼ਾਸਤਰੀ ਅਰੁਣ ਕੁਮਾਰ ਨੇ ਕਿਹਾ ਹੈ ਕਿਭਾਰਤ ਸਰਕਾਰ ਦੇ ਦਾਅਵੇ ਦੇ ਉਲਟ ਅਰਥਚਾਰੇ ਵਿੱਚ ਜ਼ਿਆਦਾ ਤੇਜ਼ੀ ਨਾਲ ਸੁਧਾਰ ਨਹੀਂ ਆ ਰਿਹਾ। ਕੁਮਾਰ ਨੇ ਕਿਹਾ ਕਿ ਮੌਜੂਦਾ ਵਿੱਤੀ ਸਾਲ ਵਿੱਚ ਅਰਥਚਾਰੇ ’ਚ 25 ਫ਼ੀਸਦੀ ਦੀ ਗਿਰਾਵਟ ਆ ਸਕਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਆਰਥਕ ਵਾਧੇ ’ਚ ਉਨੀ ਤੇਜ਼ੀ ਨਾਲ ਸੁਧਾਰ ਨਹੀਂ ਆ ਰਿਹਾ, ਜਿਵੇਂ ਸਰਕਾਰ ਦਿਖਾ ਰਹੀ ਹੈ। ਗੈਰ ਜਥੇਬੰਦ ਖੇਤਰ ਦੀ ਸਥਿਤੀ ’ਚ ਸੁਧਾਰ ਨਹੀਂ ਹੋਇਆ ਅਤੇ ਸੇਵਾ ਖੇਤਰ ਦੇ ਕੁਝ ਅਹਿਮ ਹਿੱਸੇ ਵੀ ਉਭਰ ਨਹੀਂ ਸਕੇ ਹਨ।

ਅਰੁਣ ਕੁਮਾਰ ਨੇ ਕਿਹਾ ਕਿ ਮੇਰੇ ਵਿਸ਼ਲੇਸ਼ਣ ਮੁਤਾਬਕ ਮੌਜੂਦਾ ਵਿੱਤੀ ਸਾਲ 2020-21 ’ਚ ਭਾਰਤੀ ਅਰਥਚਾਰੇ ਵਿੱਚ 25 ਫ਼ੀਸਦੀ ਦੀ ਗਿਰਾਵਟ ਆ ਸਕਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਾਲ ਦੌਰਾਨ ਕੁੱਲ ਘਰੇਲੂ ਉਤਪਾਦ (ਜੀ ਡੀ ਪੀ) ਵਿੱਚ ਵੱਡੀ ਗਿਰਾਵਟ ਨਾਲ ਬਜਟ ਅੰਦਾਜ਼ਾ ਪੂਰੀ ਤਰ੍ਹਾਂ ਘੇਰੇ ਤੋਂ ਨਿਕਲ ਗਿਆ ਤੇ ਬਜਟ ਨੂੰ ਦਰੁਸਤ ਕਰਨ ਦੀ ਲੋੜ ਹੈ। ਅਪ੍ਰੈਲ-ਮਈ ਵਿੱਚ ਤਾਲਾਬੰਦੀ ਦੌਰਾਨ ਸਿਰਫ਼ ਜ਼ਰੂਰੀ ਵਸਤਾਂ ਦਾ ਉਤਪਾਦਨ ਹੋਇਆ ਅਤੇ ਖੇਤੀਬਾੜੀ ਖੇਤਰ ਵਿੱਚ ਵੀ ਵਾਧਾ ਨਹੀਂ ਹੋਇਆ। ਭਾਰਤੀ ਰਿਜ਼ਰਵ ਬੈਂਕ ਦਾ ਅੰਦਾਜ਼ਾ ਹੈ ਕਿ ਮੌਜੂਦਾ ਸਾਲ ’ਚ ਭਾਰਤੀ ਅਰਥਚਾਰੇ ਵਿੱਚ 7.5 ਫ਼ੀਸਦੀ ਦੀ ਗਿਰਾਵਟ ਆਵੇਗੀ। ਨੈਸ਼ਨਲ ਸਟੈਟਿਕਸ ਆਫ਼ਿਸ ਨੇ ਅਰਥਚਾਰੇ ਵਿੱਚ 7.7 ਫ਼ੀਸਦੀ ਗਿਰਾਵਟ ਦਾ ਅੰਦਾਜ਼ਾ ਲਾਇਆ ਹੈ।ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ’ਚ ਅਰਥਸ਼ਾਸਤਰ ਦੇ ਸਾਬਕਾ ਪ੍ਰੋਫ਼ੈਸਰ ਅਰੁਣ ਕੁਮਾਰ ਨੇ ਕਿਹਾ ਕਿ ਸਰਕਾਰ ਨੇ ਅਪ੍ਰੈਲ-ਜੂਨ ਅਤੇ ਜੁਲਾਈ-ਸਤੰਬਰ ਦੀਆਂ ਤਿਮਾਹੀਆਂ ਲਈ ਜੋ ਜੀ ਡੀ ਪੀ ਦਸਤਾਵੇਜ਼ ਦਿੱਤੇ ਹਨ, ਉਨ੍ਹਾਂ ’ਚ ਕਿਹਾ ਗਿਆ ਹੈ ਕਿ ਇਨ੍ਹਾਂ ਅੰਕੜਿਆਂ ਤੋਂ ਬਾਅਦ ਸੋਧ ਹੋਵੇਗੀ। ਉਨ੍ਹਾਂ ਨੇ ਕਿਹਾ ਕਿ ਭਾਰਤ ਦਾ ਘਾਟਾ ਪਿਛਲੇ ਸਾਲ ਤੋਂ ਵੱਧ ਰਹੇਗਾ। ਰਾਜਾਂ ਦਾ ਵਿੱਤੀ ਘਾਟਾ ਵੀ ਉਚੇ ਪੱਧਰ ’ਤੇ ਰਹੇਗਾ।

## ਦਿੱਲੀ ਹਾਈ ਕੋਰਟ ਦਾ ਫੈਸਲਾ; ਸੜਕ ਹਾਦਸੇ ’ਚ ਔਲਾਦ ਦੀ ਮੌਤ ਉਤੇ ਮਾਤਾ-ਪਿਤਾ ਨੂੰ ਮੁਆਵਜ਼ੇ ਦਾ ਹੱਕ ਹੈ



ਨਵੀਂ ਦਿੱਲੀ, 18 ਜਨਵਰੀ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਮਾਂ-ਬਾਪ ਜ਼ਿੰਦਗੀ ਦੇ ਕਿਸੇ ਨਾ ਕਿਸੇ ਪੜਾਅ’ਤੇ ਆਪਣੇ ਬੱਚਿਆਂ ’ਤੇ ਨਿਰਭਰ ਹੁੰਦੇ ਹਨ। ਸੜਕ ਹਾਦਸੇ ’ਚ ਆਪਣੀ ਔਲਾਦ ਨੂੰ ਗਵਾਉਣ ਵਾਲੇ ਮਾਪਿਆਂ ਨੂੰ ਮੁਆਵਜ਼ਾ ਦੇਣ ਤੋਂ ਇਨਕਾਰ ਕਰਨਾ ਨਿਆਂ ਦੇ ਵਿਰੁੱਧ ਹੋਵੇਗਾ।

ਜਸਟਿਸ ਜੇ ਆਰ ਮਿਰਧਾ ਨੇ ਕਿਹਾ ਕਿ ਮਾਂ-ਬਾਪ ਬੱਚਿਆਂ ਦੇ ਹਾਦਸੇ ਦਾ ਸ਼ਿਕਾਰ ਹੋਣ ਸਮੇਂ ਉਨ੍ਹਾਂ ’ਤੇ ਨਿਰਭਰ ਨਾ ਵੀ ਹੋਣ ਤਾਂ ਵੀ ਉਹ ਬਾਅਦ ਵਿੱਚ ਕਦੇ ਨਾ ਕਦੇ ਆਪਣੀ ਔਲਾਦ ’ਤੇ ਆਰਥਿਕ ਤੇ ਭਾਵਨਾਤਮਕ ਪੱਖੋਂ ਯਕੀਨੀ ਤੌਰ ’ਤੇ ਨਿਰਭਰ ਹੋਣਗੇ। ਜਿਸ ਤਰ੍ਹਾਂ ਕਦੇ ਬੱਚੇ ਆਪਣੇ ਜੀਵਨ ’ਚ ਮੁੱਢਲੇ ਸਮੇਂ ਦੌਰਾਨ ਆਪਣੇ ਮਾਤਾ-ਪਿਤਾ ’ਤੇ ਨਿਰਭਰ ਹੁੰਦੇ ਹਨ, ਉਹੋ ਜਿਹੀ ਉਲਟ ਸਥਿਤੀ ਬਣਨ ’ਤੇ ਮਾਤਾ-ਪਿਤਾ ਨੂੰ ਬੱਚਿਆਂ ’ਤੇ ਨਿਰਭਰ ਹੋਣਾ ਪੈ ਜਾਂਦਾ ਹੈ।ਹਾਈ ਕੋਰਟ ਨੇ 2008 ’ਚ ਇੱਕ ਸੜਕ ਹਾਦਸੇ ਦੌਰਾਨ ਆਪਣੇ 23 ਸਾਲ ਦੇ ਬੇਟੇ ਨੂੰ ਗਵਾਉਣ ਵਾਲੀ ਔਰਤ ਨੂੰ ਮੁਆਵਜ਼ਾ ਦੇਣ ਦਾ ਹੁਕਮ ਦਿੰਦੇ ਹੋਏ ਉਕਤ ਟਿੱਪਣੀ ਕੀਤੀ ਅਤੇ ਮੁਆਵਜ਼ੇ ਦੀ ਰਕਮ 2.42 ਲੱਖ ਤੋਂ ਵਧਾ ਕੇ 6.80 ਲੱਖ ਰੁਪਏ ਕਰ ਦਿੱਤੀ। ਮੋਟਰ ਦੁਰਘਟਨਾ ਬਾਰੇ ਟ੍ਰਿਬਿਊਨਲ ਨੇ ਕਿਹਾ ਸੀ ਕਿ ਟੱਕਰ ਮਾਰਨ ਨਾਲਹਾਦਸਾ ਵਾਪਰਿਆ ਸੀ, ਪਰ ਮ੍ਰਿਤਕ ਦੇ ਮਾਤਾ-ਪਿਤਾ ਨੂੰ ਸਹਾਰਾ ਨਾ ਰਹਿਣ ਕਾਰਨ ਮੁਆਵਜ਼ਾ ਲੈਣ ਦਾ ਹੱਕ ਨਹੀਂ ਹੈ, ਸਿਰਫ਼ ਜਾਇਦਾਦ ਦੇ ਨੁਕਸਾਨ ਕਾਰਨ ਨੁਕਸਾਨਪੂਰਤੀ ਹਾਸਲ ਕਰਨ ਦਾ ਅਧਿਕਾਰ ਹੈ। ਟ੍ਰਿਬਿਊਨਲ ਨੇ ਇਹ ਵੀ ਕਿਹਾ ਸੀ ਕਿ ਮ੍ਰਿਤਕ ਦੇ ਪਿਤਾ ਦਿੱਲੀ ਪੁਲਸ ’ਚ ਸਬ ਇੰਸਪੈਕਟਰ ਸਨ ਅਤੇਮ੍ਰਿਤਕ ਦੀ ਮਾਂ ਨੂੰ ਵੀ ਆਪਣੇ ਪੁੱਤਰ ’ਤੇ ਨਿਰਭਰ ਨਹੀਂ ਕਿਹਾ ਜਾ ਸਕਦਾ, ਕਿਉਂਕਿ ਉਸ ਦੇ ਪਤੀ ਦਿੱਲੀ ਪੁਲਸ ਵਿੱਚ ਸੇਵਾ ਕਰਦੇ ਸਨ। ਹਾਈ ਕੋਰਟ ਨੇ ਕਿਹਾ ਹੈ ਕਿ ਮ੍ਰਿਤਕ ਦੇ ਮਾਂ-ਬਾਪ ਨੂੰ ਕਾਨੂੰਨ ’ਚ ਆਪਣੇ ਬੱਚਿਆਂ ’ਤੇ ਨਿਰਭਰ ਮੰਨਿਆ ਜਾਂਦਾ ਹੈ ਕਿਉਂਕਿ ਬੱਚਿਆਂ ਦੀ ਆਪਣੇ ਮਾਤਾ-ਪਿਤਾ ਦੀ ਬਜ਼ੁਰਗ ਹਾਲਤ ’ਚ ਸਹਾਰਾ ਦੇਣ ਦੀ ਪ੍ਰਤੀਬੱਧਤਾ ਹੁੰਦੀ ਹੈ।

# ਇੱਕ ਹਜ਼ਾਰ ਕਰੋੜ ਦੇ ਹਵਾਲਾ ਰੈਕੇਟ ਵਿੱਚ ਦੋ ਚੀਨ ਨਾਗਰਿਕ ਕਾਬੂ

ਨਵੀਂ ਦਿੱਲੀ, 18 ਜਨਵਰੀ (ਪੋਸਟ ਬਿਊਰੋ)- ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕਰੀਬ ਇੱਕ ਹਜ਼ਾਰ ਕਰੋੜ ਰੁਪਏ ਦੇ ਹਵਾਲਾ ਰੈਕੇਟ ਨਾਲ ਜੁੜੇ ਘਪਲੇ ’ਚ ਆਪਣੀ ਜਾਂਚ ਦੌਰਾਨ ਦੋ ਚੀਨ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਵਾਂ ਦੀ ਪਛਾਣ 42 ਸਾਲਾ ਚਾਰਲੀ ਪੇਂਗ ਅਤੇ ਕਾਰਟਰ ਲੀ ਵਜੋਂ ਹੋਈ ਹੈ।

ਚਾਰਲੀ ਦੇ ਵਿਰੁੱਧ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦਾ ਕੇਸ ਪਿਛਲੇ ਸਾਲ ਆਮਦਨ ਟੈਕਸ ਵਿਭਾਗ ਦੀ ਇੱਕ ਜਾਂਚ ਅਤੇ 2018 ਵਿੱਚ ਉਸ ਦੇ ਵਿਰੁੱਧ ਦਿੱਲੀ ਪੁਲਸ ਦੇ ਵਿਸ਼ੇਸ਼ ਸੈਲ ਵੱਲੋਂ ਦਰਜ ਕਰਵਾਈ ਸ਼ਿਕਾਇਤ ਕਾਰਨ ਬਣਿਆ ਹੈ। ਉਸ ਦਾ ਨਾਂ ਪਿਛਲੇ ਸਾਲ ਹਿਮਾਚਲ ਪ੍ਰਦੇਸ਼ ਵਿੱਚ ਦੋ ਵਿਅਕਤੀਆਂ ਨੂੰ ਫੜੇ ਜਾਣ ਪਿੱਛੋਂ ਸਾਹਮਣੇ ਆਇਆ ਸੀ, ਜੋ ਉਸ ਦੇ ਨਿਰਦੇਸ਼ਾਂ ਉਤੇ ਤਿੱਬਤ ਦੇ ਅਧਿਆਤਮਕ ਨੇਤਾ ਦਲਾਈਲਾਮਾ ਦੀਆਂ ਸਰਗਰਮੀਆਂ ’ਤੇ ਨਜ਼ਰ ਰੱਖ ਰਹੇ ਹਨ। ਆਮਦਨ ਟੈਕਸ ਵਿਭਾਗ ਨੇ ਪਿਛਲੇ ਸਾਲ ਅਗਸਤ ਵਿੱਚ ਚੀਨ ਦੇ ਉਕਤ ਨਾਗਰਿਕ ਅਤੇ ਉਸਦੇ ਕੁਝ ਸਾਥੀਆਂ ਦੇ ਵਿਰੁੱਧ ਛਾਪੇ ਮਾਰੇ ਸਨ। ਸੂਤਰਾਂ ਮੁਤਾਬਕ ਚਾਰਲੀ ਕੋਲ ਫਰਜ਼ੀ ਭਾਰਤੀ ਪਾਸਪੋਰਟ ਸੀ। ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਉਸ ਨੇ ਪਿਛਲੇ 2-3 ਸਾਲ ਤੋਂ ਚੀਨ ਰਾਹੀਂ ਹਵਾਲੇ ਦੀ ਰਕਮ ਇੱਧਰ-ਓਧਰ ਕਰਨ ਲਈ ਨਕਲੀ ਕੰਪਨੀਆਂ ਦਾ ਇੱਕ ਜਾਲ ਵਿਛਾਇਆ ਸੀ। ਉਸ ਦਾ ਵਿਖਾਵੇ ਦਾ ਕਾਰੋਬਾਰ ਮੈਡੀਕਲ ਤੇ ਬਿਜਲੀ ਦਾ ਸਾਮਾਨ ਵੇਚਣ ਦਾ ਸੀ। ਕੁਝ ਹੋਰ ਚੀਜ਼ਾਂ ਦੀ ਉਹ ਇੰਪੋਰਟ-ਐਕਸਪੋਰਟ ਕਰਦਾ ਸੀ। ਚਾਰਲੀ ਨੂੰ ਦਿੱਲੀ ਪੁਲਸ ਨੇ ਸਤੰਬਰ 2018 ’ਚ ਗ੍ਰਿਫ਼ਤਾਰ ਕੀਤਾ ਸੀ। ਉਦੋਂ ਉਹ ਗੈਰ ਕਾਨੂੰਨੀ ਮਨੀ ਚੇਂਜਰ ਚਲਾ ਰਿਹਾ ਸੀ। ਈ ਡੀ ਅਤੇ ਆਮਦਨ ਟੈਕਸ ਵਿਭਾਗ ਵੱਲੋਂ ਇਨ੍ਹਾਂ ਦੋਸ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਚਾਰਲੀ ਦਿੱਲੀ ’ਚ ਰਹਿਣ ਵਾਲੇ ਕੁਝ ਤਿਬਤੀਆਂ ਨੂੰ ਰਿਸ਼ਵਤ ਦਿੰਦਾ ਸੀ।

### 1984 ਦੇ ਦੰਗਿਆਂ ਦਾ ਮਾਮਲਾ:

## ਲੰਡਨ ਤੋਂ ਔਰਤ ਨੇ ਫੋਨ ਉਤੇ ਬਿਆਨ ਦਿੱਤਾ, ਭਾਰਤ ਆਉਣ ਤੋਂ ਨਾਂਹ



ਕਾਨਪੁਰ, 18 ਜਨਵਰੀ (ਪੋਸਟ ਬਿਊਰੋ)- ਇੰਦਰਾ ਗਾਂਧੀ ਦੇ ਕਤਲ ਪਿੱਛੋਂ ਹੋਏ ਸਿੱਖ ਵਿਰੋਧੀ ਦੰਗਿਆਂ ਦੇ ਦੌਰਾਨ ਜੇ ਕੇ ਕਾਲੋਨੀ ਕਾਨਪੁਰ ਵਿੱਚ ਦੋ ਸਕੇ ਭਰਾਵਾਂ ਦੀ ਹੱਤਿਆ ਹੋਈ ਸੀ। ਉਨ੍ਹਾਂ ਵਿੱਚੋਂ ਵੱਡੇ ਭਰਾ ਦੀ ਪਤਨੀ ਆਪਣੇ ਬੱਚਿਆਂ ਨਾਲ ਲੰਡਨ ਵਿੱਚ ਰਹਿੰਦੀ ਹੈ। ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਨੇ ਫੋਨ ’ਤੇ ਉਸ ਨਾਲ ਗੱਲ ਕੀਤੀ ਤਾਂ ਉਸ ਨੇ ਘਟਨਾ ਦਾ ਸਾਰਾ ਵੇਰਵਾ ਦੱਸਿਆ ਹੈ, ਪਰ ਕਾਨਪੁਰ ਆ ਕੇ ਬਿਆਨ ਦੇਣ ਤੋਂ ਉਸ ਨੇ ਇਨਕਾਰ ਕਰ ਦਿੱਤਾ ਹੈ। ਉਸ ਦੀ ਦਰਾਣੀ ਦੇ ਬਿਆਨ ਲੈਣ ਲਈ 25 ਜਨਵਰੀ ਨੂੰ ਐਸ ਆਈ ਟੀ ਚੇਨਈ ਜਾਵੇਗੀ।

ਵਰਨਣ ਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਦੰਗਿਆਂ ਵਿੱਚ ਜੇ ਕੇ ਕਾਲੋਨੀ ਵਿੱਚ ਇੱਕ ਨਵੰਬਰ 1984 ਸਵੇਰੇ ਨਰਿੰਦਰ ਸਿੰਘ ਤੇ ਉਸ ਦੇ ਭਰਾ ਸੁਰਿੰਦਰ ਸਿੰਘ ਦੀ ਹੱਤਿਆ ਕਰ ਦਿੱਤੀ ਗਈ ਅਤੇ ਦੰਗਾਕਾਰੀਆਂ ਨੇ ਘਰ ਨੂੰ ਅੱਗ ਲਾ ਦਿੱਤੀ ਸੀ। ਨਰਿੰਦਰ ਸਿੰਘ ਦੀ ਪਤਨੀ ਕੁਝ ਸਮਾਂ ਪੰਜਾਬ ਰਹੀ ਤੇ ਫਿਰ ਦੋਵਾਂ ਬੱਚਿਆਂ ਨਾਲ ਲੰਡਨ ਚਲੀ ਗਈ ਸੀ। ਸੁਰਿੰਦਰ ਸਿੰਘ ਦੀ ਪਤਨੀ ਹਰਵਿੰਦਰ ਕੌਰ ਬੱਚਿਆਂ ਨਾਲ ਚੇਨਈ ਚਲੀ ਗਈ। ਐਸ ਆਈ ਟੀ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮਨਜੀਤ ਕੌਰ ਦਾ ਮੋਬਾਈਲ ਨੰਬਰ ਲੈ ਕੇ ਫੋਨ ਕੀਤਾ ਅਤੇ ਘਟਨਾ ਦੇ ਬਾਰੇ ਪੁੱਛਗਿੱਛ ਕੀਤੀ। ਜਾਣਕਾਰ ਸੂਤਰਾਂ ਮੁਤਾਬਕ ਮਨਜੀਤ ਕੌਰ ਨੇ ਦੱਸਿਆ ਕਿ ਸਵੇਰੇ ਅਚਾਨਕ ਸੌ ਤੋਂ ਵੱਧ ਲੋਕਾਂ ਦੀ ਭੀੜ ਆਈ ਅਤੇ ਭੰਨਤੋੜ ਕਰਨ ਤੇ ਅੱਗ ਲਾਉਣ ਲੱਗੀ। ਬਚਣ ਲਈ ਉਹ ਦਰਾਣੀ ਹਰਵਿੰਦਰ ਕੌਰ ਨਾਲ ਬੱਚਿਆਂ ਨੂੰ ਲੈ ਕੇ ਛੱਤ ਵੱਲੋਂ ਨਿਕਲ ਗਏ, ਪਰ ਪਤੀ ਅਤੇ ਦਿਓਰ ਨੂੰ ਦੰਗਾਕਾਰੀਆਂ ਨੇ ਘੇਰ ਕੇ ਇੱਟਾਂ-ਪੱਥਰਾਂ ਨਾਲ ਕੁਚਲ ਕੇ ਮਾਰਨ ਪਿੱਛੋਂ ਅੱਗ ਦੇ ਹਵਾਲੇ ਕਰ ਦਿੱਤਾ ਸੀ। ਜਾਂਚ ਟੀਮ ਨੇ ਮਨਜੀਤ ਕੌਰ ਨੂੰ ਕੋਰਟ ਵਿੱਚ ਬਿਆਨ ਦੇਣ ਨੂੰ ਕਿਹਾ, ਪਰ ਉਨ੍ਹਾਂ ਨੇ ਨਾਂਹ ਕਰ ਦਿੱਤੀ।

## ਚੀਨ ਵਿੱਚ 10 ਕਰੋੜ ਲੋਕਾਂ ਨੂੰ ਜ਼ਹਿਰੀਲਾ ਪਾਣੀ ਸਪਲਾਈ ਹੋ ਗਿਆ

ਪੇਈਚਿੰਗ, 18 ਜਨਵਰੀ (ਪੋਸਟ ਬਿਊਰੋ)- ਚੀਨ ਵਿੱਚ ਲੱਗਭਗ 10 ਕਰੋੜ ਲੋਕਾਂ ਨੂੰ ਅਜਿਹਾ ਪੀਣ ਦਾ ਪਾਣੀ ਸਪਲਾਈ ਕਰ ਦਿੱਤਾ ਗਿਆ ਹੈ ਜਿਸ ਤਕ ਅਸੁਰੱਖਿਤ ਜ਼ਹਿਰੀਲੇ ਰਸਾਇਣ ਦੀ ਪਹੁੰਚ ਸੀ। ਸਾਊਥ ਚਾਈਨਾ ਮਾਰਨਿੰਗ ਪੋਸਟ ਦੀ ਰਿਪੋਰਟ ਅਨੁਸਾਰ ਸਿੰਘੁਆ ਯੂਨੀਵਰਸਿਟੀ ਦੇ ਇੱਕ ਦਲ ਨੇ ਪਿਛਲੀ ਰਿਸਰਚ ਦੇ ਡੈਟੇ ਦੀ ਵਰਤੋਂ ਕਰਕੇ ਪਤਾ ਲਾਇਆ ਕਿ ਪਾਣੀ ਵਿੱਚ ਪਾਲੀਫਲੁਔਰੋਕਾਈਲ (ਪੀ ਐਫ ਏ ਏ ਐਸ) ਦਾ ਪੱਧਰ ਕਾਫੀ ਜ਼ਿਆਦਾ ਹੈ, ਜੋ ਮਨੁੱਖ ਵੱਲੋਂ ਪੈਦਾ ਕੀਤਾ ਰਸਾਇਣ ਹੈ ਜਿਸਦਾ ਇਸਤੇਮਾਲ ਫੈਬ੍ਰਿਕ ਅਤੇ ਕੀਟਨਾਸ਼ਕ ਬਣਾਉਣ ਵਿੱਚ ਹੁੰਦਾ ਹੈ। ਰਿਪੋਰਟ ਦੇ ਅਨੁਸਾਰ 20 ਪ੍ਰਤੀਸ਼ਤ ਤੋਂ ਜ਼ਿਆਦਾ ਚੀਨੀ ਸ਼ਹਿਰਾਂ ਵਿੱਚ ਪੀਣ ਦੇ ਪਾਣੀ ਵਿੱਚ ਪੀ ਐਫ ਏ ਐਸ ਦੀ ਮਾਤਰਾ ਵੱਧ ਪਾਈ ਗਈ ਹੈ। ਇਸ ਲਈ ਅਧਿਐਨ ਵਿੱਚ ਬੈਂਚਮਾਰਕ ਦੇ ਰੂਪ ਵਿੱਚ ਅਮਰੀਕੀ ਰਾਜ ਵਰਮੋਂਟ ਦੇ ਨਿਯਮਾਂ ਦਾ ਉਪਯੋਗ ਕੀਤਾ ਗਿਆ। ਇਨ੍ਹਾਂ ਇਲਾਕਿਆਂ ਵਿੱਚ ਪੂਰਬੀ ਚੀਨ ਵਿੱਚ ਵੂਸ਼ੀ, ਹਾਂਗਝੋਊ ਅਤੇ ਸੁਜਾਏ ਅਤੇ ਦੱਖਣੀ ਪ੍ਰਾਂਤ ਗੁਆਂਗਡੋਂਗ ਦੇ ਫੁਜੋਨ ਸ਼ਾਮਲ ਹਨ।

## ਪਾਕਿ ਵਿੱਚ ਸਿੱਖ ਟੀ ਵੀ ਐਂਕਰ ਨੂੰ ਧਮਕੀਆਂ ਦਾ ਸ਼੍ਰੋਮਣੀ ਕਮੇਟੀ ਨੇ ਨੋਟਿਸ ਲਿਆ



ਲਾਹੌਰ, 18 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਸਿੱਖ ਟੀ ਵੀ ਐਂਕਰ ਹਰਮੀਤ ਸਿੰਘ ਨੂੰ ਡਰਾਏ ਜਾਣ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਕੇਸ ਵਿੱਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਤੁਰੰਤ ਦਖਲ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਆਖਿਆ ਕਿ ਪਾਕਿਸਤਾਨ ਸਰਕਾਰ ਉਥੇ ਵੱਸਦੇ ਘੱਟ ਗਿਣਤੀ ਸਿੱਖਾਂ ਦੇ ਜਾਨ, ਮਾਲ ਅਤੇ ਹਿੱਤਾਂ ਦੀ ਰਾਖੀ ਯਕੀਨੀ ਬਣਾਵੇ।

ਪਤਾ ਲੱਗਾ ਹੈ ਕਿ ਸਿੱਖ ਟੀ ਵੀ ਐਂਕਰ ਹਰਮੀਤ ਸਿੰਘ ਨੂੰ ਬੀਤੇ ਦਿਨ ਪਿਸ਼ਾਵਰ ਦੀ ਮਰਦਾਨ ਜੇਲ੍ਹ ’ਚੋਂ ਫੋਨ ਕਰ ਕੇ ਧਮਕੀ ਦਿੱਤੀ ਗਈ ਹੈ। ਇਸ ਜੇਲ੍ਹ ਵਿੱਚ ਉਸ ਦੇ ਭਰਾ ਪਰਵਿੰਦਰ ਸਿੰਘ ਦੇ ਕਾਤਲ ਬੰਦ ਹਨ। ਹਰਮੀਤ ਸਿੰਘ ਨੇ ਇਹ ਮਾਮਲਾ ਭਾਰਤੀ ਮੀਡੀਆ ਸਾਹਮਣੇ ਵੀ ਰੱਖਿਆ ਤੇ ਦੱਸਿਆ ਕਿ ਉਹ ਮੌਜੂਦਾ ਸਥਿਤੀ ਵਿੱਚ ਬੇਵੱਸ ਮਹਿਸੂਸ ਕਰ ਰਿਹਾ ਹੈ। ਇਸ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਉਹ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਪੱਤਰ ਭੇਜਣਗੇ, ਜਿਸ ਵਿੱਚ ਘੱਟ ਗਿਣਤੀ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਦੀ ਅਪੀਲ ਕਰਨਗੇ। ਇਸ ਬਾਰੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ ਐੱਸ ਜੀ ਪੀ ਸੀ) ਦੇ ਪ੍ਰਧਾਨ ਸਤਵੰਤ ਸਿੰਘ ਨੂੰ ਵੀ ਪੱਤਰ ਭੇਜਿਆ ਜਾਵੇਗਾ। ਉਧਰ ਪੀ ਐੱਸ ਜੀ ਪੀ ਸੀ ਦੇ ਪ੍ਰਧਾਨ ਸਤਵੰਤ ਸਿੰਘ ਨੇ ਕਿਹਾ ਹੈ ਕਿ ਇਸ ਬਾਰੇ ਹਰਮੀਤ ਸਿੰਘ ਨੇ ਉਨ੍ਹਾਂ ਨਾਲ ਕੋਈ ਸੰਪਰਕ ਨਹੀਂ ਕੀਤਾ, ਜੇ ਉਹ ਮਦਦ ਮੰਗਦਾ ਹੈ ਤਾਂ ਸਿੱਖ ਜਥੇਬੰਦੀ ਉਸ ਦੀ ਹਰ ਸੰਭਵ ਮਦਦ ਕਰੇਗੀ। ਦੂਜੇ ਪਾਸੇ ਐਂਕਰ ਹਰਮੀਤ ਸਿੰਘ ਨੇ ਆਖਿਆ ਕਿ ਕੁਝ ਸੰਸਥਾਵਾਂ ਇਸ ਮਾਮਲੇ ਵਿੱਚ ਉਸ ਦੀ ਮਦਦ ਕਰਨ ਦੀ ਥਾਂ ਮੁਲਜ਼ਮਾਂ ਦੀ ਮਦਦ ਕਰ ਰਹੀਆਂ ਹਨ।

# ਪਾਕਿਸਤਾਨ ਨੇ ਕੋਰੋਨਾ ਦੇ ਭਾਰਤੀ ਟੀਕੇ ਨੂੰ ਪ੍ਰਵਾਨਗੀ ਦਿੱਤੀ




ਇਸਲਾਮਾਬਾਦ, 18 ਜਨਵਰੀ (ਪੋਸਟ ਬਿਊਰੋ)-ਪਾਕਿਸਤਾਨ ਨੇ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਤੋਂ ਬਚਾਅ ਲਈ ਜਿਸ ਟੀਕੇ ਨੂੰ ਸਭ ਤੋਂ ਪਹਿਲਾਂ ਪ੍ਰਵਾਨਗੀ ਦਿੱਤੀ ਹੈ, ਉਸ ਨੂੰ ਲੈਣ ਲਈ ਉਹ ਜੁਗਾੜ ਲੱਭ ਰਿਹਾ ਹੈ।

ਅਸਲ ਵਿੱਚ ਪਾਕਿਸਤਾਨ ਨੇ ਆਕਸਫੋਰਡ-ਐਸਟ੍ਰਾਜੇਨੇਕਾ ਅਤੇ ਸੀਰਮ ਇੰਸਟੀਚਿਊਟ ਆਫ ਇੰਡੀਆ ਵੱਲੋਂ ਤਿਆਰ ਕੀਤੇ ਕੋਵੀਸ਼ੀਲਡ ਨੂੰ ਦੇਸ਼ ਵਿੱਚ ਟੀਕਾਕਰਨ ਲਈ ਚੁਣਿਆ ਹੈ, ਪਰ ਭਾਰਤ ਵਿੱਚ ਇਸ ਦੇ ਉਤਪਾਦਨ ਕਾਰਨ ਇਮਾਰਨ ਖ਼ਾਨ ਦੀ ਸਰਕਾਰ ਦੁਬਿਧਾ ਵਿੱਚ ਫਸ ਗਈ ਹੈ। ਪ੍ਰਮੁੱਖ ਪਾਕਿਸਤਾਨੀ ਅਖ਼ਬਾਰ ‘ਡਾਨ’ ਦੇ ਆਨਲਾਈਨ ਅੰਕ ਦੀ ਖਬਰ ਮੁਤਾਬਕ ਡਰੱਗ ਰੈਗੂਲੇਟਰੀ ਅਥਾਰਟੀ ਆਫ ਪਾਕਿਸਤਾਨ ਨੇ ਐਸਟ੍ਰਾਜੇਨੇਕਾ ਦੇ ਕੋਵਿਡ-19 ਨੂੰ ਐਮਰਜੈਂਸੀ ਵਰਤੋਂ ਲਈ ਪ੍ਰਵਾਨਗੀ ਦੇ ਦਿੱਤੀ ਹੈ ਤੇ ਚੀਨ ਦੀ ਸਰਕਾਰੀ ਕੰਪਨੀ ਸਿਨੋਫਾਰਮਾ ਦੇ ਟੀਕੇ ਨੂੰ ਅਗਲੇ ਦੋ ਹਫ਼ਤਿਆਂ ਵਿੱਚ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ। ਇਹ ਟੀਕਾ ਪਾਕਿਸਤਾਨ ਨੂੰ ਦੁਪਾਸੜ ਸਮਝੌਤੇ ਅਧੀਨ ਮਿਲ ਸਕਦਾ ਹੈ ਕਿਉਂਕਿ ਇਸ ਦੀ ਤਿਆਰੀ ਭਾਰਤ ਵਿੱਚ ਹੋ ਰਹੀ ਹੈ। ਇਸ ਪ੍ਰਵਾਨਗੀ ਨਾਲ ਕੋਵਾਕਸ ਪ੍ਰੋਗਰਾਮ ਅਧੀਨ ਮਿਲਣ ਵਾਲੇ ਟੀਕੇ ਦਾ ਰਾਹ ਸਾਫ ਹੋ ਗਿਆ ਹੈ। ਡਬਲਿਊ ਐਚ ਓ ਦੀ ਇਸ ਕੌਮਾਂਤਰੀ ਪਹਿਲ ਅਧੀਨ ਪਾਕਿਸਤਾਨ ਨੂੰ 20 ਫ਼ੀਸਦੀ ਆਬਾਦੀ ਲਈ ਮੁਫਤ ਟੀਕਾ ਮਿਲੇਗਾ।ਡਾਨ ਨੇ ਇਮਰਾਨ ਦੇ ਵਿਸ਼ੇਸ਼ ਸਿਹਤ ਸਲਾਹਕਾਰ ਡਾ. ਫੈਜ਼ਲ ਸੁਲਤਾਨ ਦਾ ਧਿਆਨ ਜਦੋਂ ਭਾਰਤ ਨਾਲ ਵਪਾਰਕ ਪਾਬੰਦੀਆਂ ਵੱਲ ਦਿਵਾਇਆ ਤਾਂ ਉਨ੍ਹਾਂ ਕਿਹਾ ਕਿ ਜੀਵਨ ਰੱਖਿਅਕ ਦਵਾਈਆਂ ਦੀ ਇੰਪੋਰਟ ਕੀਤੀ ਜਾ ਸਕਦੀ ਹੈ। ਪਾਕਿਸਤਾਨ ਜਾਣਦਾ ਹੈ ਕਿ ਚੀਨ ਦੀ ਵੈਕਸੀਨ ਭਾਰਤੀ ਵੈਕਸੀਨ ਦੇ ਮੁਕਾਬਲੇ ਕਾਫ਼ੀ ਮਹਿੰਗੀ ਹੈ ਤੇ ਕੋਰੋਨਾ ਦੇ ਵਿਰੁੱਧ ਜੰਗ ਜਿੱਤਣ ਲਈ ਉਸ ਨੂੰ ਭਾਰਤ ਕੋਲੋਂ ਮਦਦ ਲੈਣੀ ਹੋਵੇਗੀ। ਭਾਰਤ ਵਿੱਚ ਬਣੇ ਦੋਵੇਂ ਹੀ ਟੀਕੇ ਦੁਨੀਆ ਦੇ ਦੂਜੇ ਟੀਕਿਆਂ ਨਾਲੋਂ ਸਸਤੇ ਹਨ। ਪਾਕਿਸਤਾਨ ਸਰਕਾਰ ਲਈ ਮੁਸ਼ਕਲ ਇਹ ਹੈ ਕਿ ਅੱਤਵਾਦ ਅਤੇ ਭਾਰਤ ਵਿਰੋਧਨੂੰ ਹੱਲਾਸ਼ੇਰੀ ਦੇਣ ਕਾਰਨ ਉਸ ਦੇ ਭਾਰਤ ਨਾਲ ਰਿਸ਼ਤੇ ਖ਼ਰਾਬ ਹਨ। ਇਮਰਾਨ ਦੀ ਸਰਕਾਰ ਮੋਦੀ ਦੀ ਸਰਕਾਰ ਤੋਂ ਮਦਦ ਮੰਗਣ ਲਈ ਝਿਜਕ ਰਹੀ ਹੈ। ਪਾਕਿਸਤਾਨ ਸਰਕਾਰ ਨੇ ਵਿਚਕਾਰਲਾ ਰਾਹ ਲੱਭਣ ਲਈ ਕੋਸ਼ਿਸ਼ ਕਰਦੇ ਹੋਏ ਸੂਬਾਈ ਸਰਕਾਰਾਂ ਅਤੇ ਨਿੱਜੀ ਸੈਕਟਰ ਨੂੰ ਵਿਦੇਸ਼ਾਂ ਤੋਂ ਟੀਕੇ ਖਰੀਦਣ ਦੀ ਛੋਟ ਦੇ ਦਿੱਤੀ ਹੈ।

# ਬਾਈਡੇਨ ਆਪਣੇ ਪ੍ਰਸ਼ਾਸਨ ਵਿੱਚ 20 ਭਾਰਤੀ-ਅਮਰੀਕੀ ਕਰਨਗੇ ਸ਼ਾਮਲ



ਵਾਸ਼ਿੰਗਟਨ, 18 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਈਡੇਨ ਨੇ ਆਪਣੇ ਪ੍ਰਸ਼ਾਸਨ ਵਿੱਚ ਅਹਿਮ ਅਹੁਦਿਆਂ ’ਤੇ 13 ਔਰਤਾਂ ਸਮੇਤ ਘੱਟੋ-ਘੱਟ 20 ਭਾਰਤੀ-ਅਮਰੀਕੀਆਂ ਨੂੰ ਨਾਮਜ਼ਦ ਕੀਤਾ ਹੈ। ਇਨ੍ਹਾਂ 20 ਭਾਰਤੀ-ਅਮਰੀਕੀਆਂ ਵਿੱਚੋਂ ਘੱਟੋ-ਘੱਟ 17 ਲੋਕ ਵ੍ਹਾਈਟ ਹਾਊਸ ਵਿੱਚ ਮਹੱਤਵਪੂਰਨ ਅਹੁਦਾ ਸੰਭਾਲਣਗੇ। ਅਮਰੀਕਾ ਦੀ ਕੁੱਲ ਆਬਾਦੀ ਦਾ ਇੱਕ ਫ਼ੀਸਦੀ ਭਾਰਤੀ-ਅਮਰੀਕੀ ਹਨ ਤੇ ਇਸ ਭਾਈਚਾਰੇ ਵਿੱਚੋਂ ਕਿਸੇ ਪ੍ਰਸ਼ਾਸਨ ਵਿੱਚ ਪਹਿਲੀ ਵਾਰੀ ਇੰਨੀ ਵੱਧ ਗਿਣਤੀ ਵਿੱਚ ਲੋਕਾਂ ਨੂੰ ਨਿਯੁਕਤ ਕੀਤਾ ਜਾਵੇਗਾ।

ਜੋਅ ਬਾਈਡੇਨ 20 ਜਨਵਰੀ ਨੂੰ ਅਮਰੀਕਾ ਦੇ 46ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣਗੇ ਅਤੇ ਇਸੇ ਦਿਨ ਭਾਰਤੀ ਮੂਲ ਦੀ ਕਮਲਾ ਹੈਰਿਸ ਸਹੁੰ ਚੁਕ ਕੇ ਇਸ ਦੇਸ਼ ਦੀ ਪਹਿਲੀ ਮਹਿਲਾ ਉਪ ਰਾਸ਼ਟਰਪਤੀ ਦਾ ਅਹੁਦਾ ਸੰਭਾਲੇਗੀ। ਉਹ ਅਮਰੀਕਾ ਵਿੱਚ ਭਾਰਤੀ ਮੂਲ ਦੀ ਪਹਿਲੀ ਉਪ ਰਾਸ਼ਟਰਪਤੀ ਅਤੇ ਇਹ ਅਹੁਦਾ ਸੰਭਾਲਣ ਵਾਲੀ ਪਹਿਲੀ ਅਫ਼ਰੀਕੀ-ਅਮਰੀਕੀ ਵੀ ਹੋਵੇਗੀ। ਇਹ ਪਹਿਲੀ ਵਾਰ ਹੈ ਕਿ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਕਿਸੇ ਰਾਸ਼ਟਰਪਤੀ ਦੇ ਪ੍ਰਸ਼ਾਸਨ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਭਾਰਤੀ-ਅਮਰੀਕੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਬਾਈਡੇਨ ਦੇ ਪ੍ਰਸ਼ਾਸਨ ਵਿੱਚ ਅਜੇ ਵੀ ਕਈ ਅਹੁਦੇ ਖ਼ਾਲੀ ਹਨ। ਨਾਮਜ਼ਦ ਕੀਤੇ ਗਏ ਲੋਕਾਂ ਦੀ ਸੂਚੀ ਵਿੱਚ ਸਭ ਤੋਂ ਉਪਰ ਨੀਰਾ ਟੰਡਨ ਤੇ ਡਾ: ਵਿਵੇਕ ਮੂਰਤੀ ਹਨ। ਬਾਈਡੇਨ ਪ੍ਰਸ਼ਾਸਨ ਵਿੱਚ ਵ੍ਹਾਈਟ ਹਾਊਸ ਦਫ਼ਤਰ ਦੇ ਪ੍ਰਬੰਧਨ ਤੇ ਬਜਟ ਦੇ ਡਾਇਰੈਕਟਰ ਦੇ ਤੌਰ ’ਤੇ ਟੰਡਨ ਅਤੇ ਅਮਰੀਕੀ ਸਰਜਨ ਜਨਰਲ ਵਜੋਂ ਡਾ: ਵਿਵੇਕ ਮੂਰਤੀ ਨੂੰ ਨਾਮਜ਼ਦ ਕੀਤਾ ਗਿਆ ਹੈ।ਮਾਲਾ ਅਡਿਗਾ ਜਿਲ ਬਾਈਡੇਨ ਦੀ ਨੀਤੀ ਨਿਰਦੇਸ਼ਕ ਅਤੇ ਗਰਿਮਾ ਵਰਮਾ ਨੂੰ ਉਨ੍ਹਾਂ ਦੇ ਦਫ਼ਤਰ ਦੀ ਡਿਜ਼ੀਟਲ ਡਾਇਰੈਕਟਰ ਬਣਾਇਆ ਗਿਆ ਹੈ, ਜਦਕਿ ਸਬਰੀਨਾ ਸਿੰਘ ਨੂੰ ਉਨ੍ਹਾਂ ਦੀ ਡਿਪਟੀ ਪ੍ਰੈਸ ਮੰਤਰੀ ਲਾਇਆ ਗਿਆ ਹੈ। ਵ੍ਹਾਈਟ ਹਾਊਸ ਵਿੱਚ ਪਹਿਲੀ ਵਾਰ ਅਜਿਹੇ ਦੋ ਭਾਰਤੀ-ਅਮਰੀਕੀਆਂ ਨੂੰ ਜਗ੍ਹਾ ਦਿੱਤੀ ਗਈ ਹੈ, ਜੋ ਪਿੱਛੋਂ ਕਸ਼ਮੀਰ ਨਾਲ ਸਬੰਧ ਰਖਦੇ ਹਨ। ਇਨ੍ਹਾਂ ਵਿੱਚ ਆਇਸ਼ਾ ਸ਼ਾਹ ਨੂੰ ਵ੍ਹਾਈਟ ਹਾਊਸ ਦਫ਼ਤਰ ਦੀ ਡਿਜੀਟਲ ਰਣਨੀਤੀ ਦੀ ਪਾਰਟਨਰਸ਼ਿਪ ਮੈਨੇਜਰ ਤੇ ਸਮੀਰਾ ਫ਼ਾਜ਼ਲੀ ਨੂੰ ਵ੍ਹਾਈਟ ਹਾਊਸ ਵਿੱਚ ਅਮਰੀਕੀ ਰਾਸ਼ਟਰੀ ਆਰਥਕ ਪ੍ਰੀਸ਼ਦ ਦੀ ਡਿਪਟੀ ਡਾਇਰੈਕਟਰ ਨਾਮਜ਼ਦ ਕੀਤਾ ਗਿਆ ਹੈ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: • Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

You can Place Your Business Here (905)793-2202
To Reach Wider Audience

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



jobs! jobs! jobs! jobs! jobs!

DUNDAS·JAFINE

## HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE
International & Domestic Air Tickets
• Cheapest Air Fares
• Price Match Guaranteed
• 24/7 Emergency Services
• Reliable & Excellent Customer Service
• 100% Customer Satisfaction
AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS
Travel Worry Free With Insurance
• Super Visa Insurance
• Visitor to Canada
• Trip Cancellation
• Trip Interruption
Manulife
Signature.ca
ticoca IATA
Call Us For Guaranteed Lowest Airfare ANY Airline Time Destination Around the World
WESTJET vacations
transat sunwing AIR CANADA VACATIONS
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202



## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2", ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11", ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7", ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3", ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653




905-793-2202

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654



905-793-2202



UPPAL LAW
AVTAR UPPAL Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ



